# ਤੂਤਾਂ ਵਾਲਾ ਖੂਹ

**ਸੋਹਣ ਸਿੰਘ ਸੀਤਲ** ਦੇ ਏਸੇ ਨਾਂਅ ਦੇ ਨਾਵਲ 'ਤੇ ਆਧਾਰਿਤ

***ਪਾਤਰ***

ਅਮਲੀ ਆਲਾ ਸਿੰਘ
ਸੱਜਣ ਸਿੰਘ
ਇਲਮਦੀਨ
ਧੰਨੇ ਸ਼ਾਹ
ਸ਼ਾਹਣੀ
ਬਾਬਾ

# ਭੂਤਾਂ ਵਾਲਾ ਖੂਹ

ਸਥਾਨ : ਪਿੰਡ ਪੀਰੂਵਾਲ, ਤਹਿਸੀਲ ਕਸੂਰ।

ਪਿੱਛੋਂ ਆਵਾਜ਼ : ਤੂਤ ਸਾਡੇ ਪੇਂਡੂ ਸਭਿਆਚਾਰ ਵਿਚ ਠੰਡੀਆਂ ਛਾਵਾਂ ਦਾ ਪ੍ਰਤੀਕ ਹੈ। ਠੰਡੀਆਂ ਛਾਵਾਂ ਉਸ ਵੇਲੇ ਹੀ ਹੁੰਦੀਆਂ ਹਨ...ਜਦੋਂ ਭਾਈ ਭਾਈ ਇਕੱਠੇ ਬੈਠਦੇ ਹਨ। ਤੱਤੀਆਂ ਹਵਾਵਾਂ ਉਸ ਵੇਲੇ ਚਲਦੀਆਂ ਹਨ, ਜਦੋਂ ਭਾਈ–ਭਾਈ ਵਿਚ ਨਫ਼ਰਤ ਫੈਲੇ। ਇਹ ਕਹਾਣੀ ਇਨ੍ਹਾਂ ਠੰਡੀਆਂ ਤੇ ਤੱਤੀਆਂ ਹਵਾਵਾਂ ਦੀ ਹੈ।

*(ਮੰਚ 'ਤੇ ਇਕ ਤਖ਼ਤਪੋਸ਼ ਹੈ। ਅਮਲੀ ਆਲਾ ਸਿੰਘ ਇਧਰ-ਉਧਰ ਦੇਖਦਾ ਮੰਚ 'ਤੇ ਦਾਖ਼ਲ ਹੁੰਦਾ ਹੈ ਤੇ ਫੇਰ ਹੌਲੀ-ਹੌਲੀ ਤੁਰਦਾ ਹੋਇਆ ਤਖ਼ਤਪੋਸ਼ 'ਤੇ ਬੈਠ ਜਾਂਦਾ ਹੈ।)*

ਅਮਲੀ : (ਬੋਝੇ ਵਿਚੋਂ ਡੱਬੀ ਕੱਢ ਕੇ ਨਸਵਾਰ ਚੜ੍ਹਾਉਂਦਾ ਹੈ, ਇਕ ਨਿੱਛ ਮਾਰਦਾ ਹੈ ਤੇ ਫੇਰ ਆਪਣੇ ਨਾਲ ਗੱਲਾਂ ਕਰਦਾ ਹੈ) ਨਾ ਅੱਜ ਇਲਮਾ ਆਇਆ ਏ ਤੇ ਨਾ ਹੀ ਸੱਜਣ ਸਿਉਂ...ਬਹਿ ਗਏ ਹੋਣੇ ਨੇ ਰੰਨਾਂ ਦੇ ਮੁੱਢ।

ਇਲਮਦੀਨ : (ਇਕ ਪਾਸੇ ਤੋਂ ਆਉਂਦੇ ਹੋਏ) ਬੈਠਾ ਏਂ ਅਮਲੀਆ ?

ਅਮਲੀ : ਨਾ ਹੋਰ ਤੈਨੂੰ ਖਲੋਤਾ ਦਿਸਦਾ ਹਾਂ...ਅਖੇ ਬੈਠਾ ਏਂ ਅਮਲੀਆ...।

ਇਲਮਦੀਨ : ਬੜਾ ਔਖਾ ਬੋਲਦੈਂ ਅਮਲੀਆ ?

ਸੱਜਣ : (ਦੂਜੇ ਪਾਸੇ ਤੋਂ ਆਉਂਦੇ ਹੋਏ) ਕੌਣ ਔਖਾ ਬੋਲਦੈ, ਇਲਮਿਆਂ ?

ਇਲਮਦੀਨ : ਇਹੀ ਆਪਣਾ ਭਾਊ ਆਲਾ ਸਿਉਂ।

ਅਮਲੀ : ਔਖਾ ਨਾ ਹੋਵਾਂ...ਰਾਹ ਤੱਕਦਿਆਂ ਅੱਖਾਂ ਥੱਕ ਗਈਆਂ।

ਸੱਜਣ ਸਿੰਘ : ਹਲਾ...ਹੁਣ ਇਹ ਦੱਸ...ਤਾਸ਼ ਹੈਗੀ ਆ ?

ਅਮਲੀ : ਲੈ, ਸਾਡੇ ਕੋਲ ਤਾਸ਼ ਨਹੀਂ ਹੋਏਗੀ ਤਾਂ ਹੋਰ ਕੀ ਹੋਵੇਗਾ ?

*(ਜੇਬ ਵਿਚੋਂ ਤਾਸ਼ ਕੱਢਦਾ ਹੈ।)*

ਇਲਮਦੀਨ : ਵੰਡ ਫੇਰ ਹੁਣ।

ਅਮਲੀ : ਤੂੰ ਵੰਡ...ਮੈਂ ਕਿਉਂ ਵੰਡਾਂ।

ਇਲਮਦੀਨ : ਅੱਛਾ ਮੈਂ ਵੰਡ ਦੇਨਾਂ...(ਤਾਸ਼ ਫੈਂਟਦਾ ਹੈ।)

ਅਮਲੀ : ਢੇਰੀਆਂ ਬਣਾ ਦੇ...ਕੀ ਠਿੱਪ ਠਿੱਪ ਲਾਈ ਐ ?

*(ਇਲਮਦੀਨ ਢੇਰੀਆਂ ਬਣਾਉਂਦਾ ਹੈ। ਅਮਲੀ ਸਾਰਿਆਂ ਨਾਲੋਂ*

*ਵੱਡੀ ਢੇਰੀ ਚੁੱਕਦਾ ਹੈ। ਤਿੰਨੇ ਤਾਸ਼ ਖੇਡਦੇ ਹਨ। ਅਮਲੀ ਮੋਢਿਆਂ ਦੇ ਉਪਰ ਦੀ ਪੱਤੇ ਵੇਖਣ ਦੀ ਕੋਸ਼ਿਸ਼ ਕਰਦਾ ਹੈ।)*

ਇਲਮਦੀਨ : ਓਏ ਅਮਲੀਆ...ਰੌਂਦ ਨਾ ਮਾਰ...ਸੁੱਟ ਆਪਣਾ ਗੋਲਾ।

ਅਮਲੀ : ਲੈ...ਮੈਂ ਨਹੀਂ ਸੁੱਟਦਾ ਗੋਲਾ...ਤੇਰੀ ਬੇਗ਼ਮ ਖਾ ਜਾਊ।

ਸੱਜਣ : ਨਾ ਫੇਰ ਸਾਂਭ ਕੇ ਕੀ ਕਰੇਂਗਾ ?

ਅਮਲੀ : ਓਦੋਂ ਸੁੱਟੂੰ ਜਦੋਂ ਰੰਗ ਮੁੱਕ ਗਿਆ।

ਸੱਜਣ : ਬਈ ਅਮਲੀ ਹੈ ਬੜਾ ਸਿਆਣਾ।

ਇਲਮਦੀਨ : ਤਾਂਹੀਓਂ ਜਿਸ ਦਾ ਹਾਣੀ ਬਣਦਾ ਏ...ਉਸ 'ਤੇ ਕੋਟ ਤੇ ਕੋਟ ਹੀ ਕੋਟ ਕਰਾਈ ਜਾਂਦੈ...ਦੱਸ ਅਮਲੀਆ ਕੱਲ੍ਹ ਕਿੰਨੇ ਕੋਟ ਹੋਏ ਸਨ ?

ਅਮਲੀ : ਜਿੰਨੇ ਮਰਜ਼ੀ ਹੋਣ...ਤੂੰ ਭੁੱਲ ਗਿਆ ਜਦੋਂ ਤੈਨੂੰ ਸੌ ਕੋਟਾਂ ਵਰਗਾ ਇਕ ਕੋਟ ਦਿੱਤਾ ਸੀ...ਗੂੰਹ ਕੋਟ।

ਸੱਜਣ : ਹਲਾ ਹਲਾ...ਗੱਲਾਂ ਨਾ ਬਣਾ...ਪੱਤਾ ਸੁੱਟ।

ਅਮਲੀ : (ਟਾਲਦੇ ਹੋਏ) ਸੁੱਟਦੇ ਆਂ...ਸੁੱਟਦੇ ਆਂ ਪਹਿਲਾਂ ਸੁਰਤ ਤਾਂ ਟਿਕਾਣੇ ਕਰ ਲਾਈਏ...(ਬੋਝੇ ਵਿਚੋਂ ਡੱਬੀ ਕੱਢ ਕੇ ਨਸਵਾਰ ਚੜ੍ਹਾਉਣ ਲੱਗ ਪੈਂਦਾ ਹੈ।)

ਇਲਮਦੀਨ : (ਥੋੜੀ ਜਿਹੀ ਉਡੀਕ ਦੇ ਬਾਅਦ ਖਿੱਝ ਕੇ ਤਾਸ਼ ਹੇਠਾਂ ਸੁੱਟ ਦਿੰਦਾ ਹੈ) ਅਸੀਂ ਨਹੀਂ ਖੇਡਦੇ...ਇਹਦੀ ਘੰਟਾ ਘੰਟਾ ਸੁਰਤ ਹੀ ਨਹੀਂ ਟਿਕਾਣੇ ਹੁੰਦੀ।

ਅਮਲੀ : ਕਿਉਂ ਸੱਜਣਾ...ਨਹੀਂ ਖੇਡਦੇ ?

ਸੱਜਣ : (ਤਾਸ਼ ਖੇਡਦੇ ਹੋਏ) ਨਹੀਂ ਖੇਡਦੇ ?

ਅਮਲੀ : ਨਹੀਂ ਖੇਡਦੇ ਤੇ ਨਾ ਖੇਡੋ...ਸਾਡੇ ਕੋਲ ਐਤਕਾਂ ਕਿਹੜਾ ਪੱਤੇ ਆਏ ਸੀ ?

*(ਸ਼ਾਹ ਵਹੀ ਚੁੱਕੀ ਬਾਹਰੋਂ ਰੌਲਾ ਪਾਉਂਦਾ ਆਉਂਦਾ ਹੈ। ਗਰਮੀ ਨਾਲ ਹਫਿਆ ਹੋਇਆ।)*

ਸ਼ਾਹ : ਓਏ ਸੱਜਣਾ ਸਿਆਂ...ਓਏ ਇਲਮਦੀਨਾ...ਓਏ ਭਰਾਵੋ ਪਾਣੀ ਪਿਆਉ...(ਸ਼ਾਹ ਆ ਕੇ ਤਖ਼ਤਪੋਸ਼ 'ਤੇ ਬੈਠ ਜਾਂਦਾ ਹੈ, ਸੱਜਣ ਸਿੰਘ ਉੱਠ ਕੇ ਪਾਣੀ ਲੈਣ ਜਾਂਦਾ ਹੈ)

ਇਲਮਦੀਨ : ਨਾ ਸ਼ਾਹ...ਕੀ ਗੱਲ ਏ...ਬਿਲਕੁਲ ਹੀ ਭੁੰਜੇ ਲੱਥਾ ਹੋਇਆ ਏਂ ?

ਸ਼ਾਹ : ਦੱਸਦਾ ਹਾਂ...ਦੱਸਣਾ ਹਾਂ...ਪਹਿਲੇ ਘੁੱਟ ਪਾਣੀ ਪੀ ਲਵਾਂ।

ਅਮਲੀ : ਨਾ ਗੱਲ ਤਾਂ ਦੱਸ...ਐਵੇਂ ਸੂਈ ਕੁੱਤੀ ਆਂਗੂੰ ਹਫੀ ਜਾਨਾ ਏਂ ?

*(ਸੱਜਣ ਸਿੰਘ ਪਾਣੀ ਲਿਆਉਂਦਾ ਹੈ। ਸ਼ਾਹ ਹਾਬੜਿਆਂ ਵਾਂਗ*

*ਪਾਣੀ ਪੀ ਜਾਂਦਾ ਹੈ।)*

ਅਮਲੀ : ਓਏ ਸੱਜਣ ਸਿਆਂ...ਸ਼ਾਹ ਦਾ ਛੰਨੇ ਨਾਲ ਨਹੀਂ ਬਣਨਾ ਕੁਸ਼...ਇਹਨੂੰ ਬਾਲਟੀ ਨਾਲ ਡਾਹੋ।

ਸ਼ਾਹ : ਅਮਲੀਆ...ਕਰ ਲੈ ਤੂੰ ਟਿਚਕਰਾਂ...ਸਾਡੀ ਤਾਂ ਇਹ ਗੱਲ ਏ ਲੱਖ ਲਾਅਨਤ...ਤਮ੍ਹਾਂ ਖਰਾਬ-ਪਾਪੀ ਨੇ ਬਣਾਇਆ ਬੜਾ ਸਵਾਦ ਸੀ। ਲੱਖਾ ਸਿਹੁੰ ਦੇ ਘਰ ਗਿਆ ਸਾਂ...ਉਹਨੇ ਕੁੱਕੜ ਨੂੰ ਤੜਕਾ ਲਾ ਦਿੱਤਾ।

ਸੱਜਣ : ਹਲਾ...ਤਾਂ ਸ਼ਾਹ ਫਿਰ ਕੁੱਕੜ ਖਾ ਕੇ ਆਇਆ ਏ।

ਅਮਲੀ : ਅਗਲਿਆਂ ਨੇ ਭਾਵੇਂ ਕਾਂ ਹੀ ਖਵਾ ਦਿੱਤਾ ਹੋਵੇ—ਲੱਭਦੈ ਕੁੱਕੜ।

ਸ਼ਾਹ : ਓਏ ਕੁਝ ਵੀ ਹੋਵੇ ਸਰਦਾਰੋ...ਖਾਣਾ ਪੀਣਾ ਵੀ ਤੁਸੀਂ ਹੀ ਜਾਣਦੇ ਹੋ...ਆਪਣੇ ਘਰ ਤਾਂ ਸੱਤ ਦਿਨ ਚੌਦਾਂ ਡੰਗ ਮੂੰਗੀ ਦੀ ਦਾਲ।

ਅਮਲੀ : ਤੇ ਓਹ ਵੀ ਤੜਕਿਉਂ ਬਗ਼ੈਰ।

ਸ਼ਾਹ : ਥੋਮ ਗੰਢਾ ਘਰ ਆਇਆ ਨਹੀਂ ਤੇ ਧਰਮ ਭਰਿਸ਼ਟ।

ਅਮਲੀ : ਅੱਗੇ ਬੜਾ ਧਰਮ ਸਾਂਭ ਕੇ ਰੱਖਿਐ—ਵੱਡਾ ਧਰਮਰਾਜ ਦਾ ਪੁੱਤਰ।

ਸ਼ਾਹ : ਹਲਾ...ਮੈਂ ਨਹਾ ਕੇ ਥੋੜਾ ਠੰਡਾ ਹੋ ਆਵਾਂ।

ਸੱਜਣ : ਹੋ ਜਾ ਫੇਰ ਸ਼ਾਹ ਧਾਰ ਦੇ ਥੱਲੇ...ਕੱਪੜੇ ਲਾਹ ਲਵੇਂਗਾ ਕਿ ਮੈਂ ਲਾਹ ਦੇਵਾਂ ?

ਅਮਲੀ : ਓਏ ਸ਼ਾਹ ਵਰਗੇ ਅਗਲਿਆਂ ਦੇ ਲਾਹ ਲੈਂਦੇ ਐ...ਇਹਦੇ ਕੋਲੋਂ ਆਪਣੇ ਨਹੀਂ ਲਹਿਣਗੇ ?

ਸ਼ਾਹ : (ਉੱਠਦਾ ਹੋਇਆ) ਓਏ ਮੈਂ ਕੀਹਦੇ ਲਾਹੇ ਨੇ...ਕਿਉਂ ਸੱਜਣ ਸਿਆਂ, ਮੈਂ ਤੇਰੇ ਕਿਹੜੇ ਕੱਪੜੇ ਲਾਹ ਲਏ ਨੇ ?

ਅਮਲੀ : ਇਹਨੇ ਲੁਹਾਏ ਨਹੀਂ ਹੋਣੇ...ਨਹੀਂ ਤਾਂ ਤੇਰੇ ਵੱਲੋਂ ਤਾਂ ਕੋਈ ਕਸਰ ਨਹੀਂ ਹੋਣੀ।

*(ਸ਼ਾਹ ਬੁੜਬੁੜ ਕਰਦਾ ਚਲਾ ਜਾਂਦਾ ਹੈ ਤੇ ਆਪਣੀ ਜੁੱਤੀ ਇਕ ਪਾਸੇ ਲਾਹ ਦਿੰਦਾ ਹੈ।)*

ਇਲਮਦੀਨ : ਨਾ ਅਮਲੀਆ...ਤੇਰਾ ਸ਼ਾਹ ਨੇ ਕੀ ਲਾਹ ਲਿਆ ?

ਅਮਲੀ : ਨਾ ਸਾਡੇ ਕੋਲ ਹੈ ਕੀ ਜੋ ਸ਼ਾਹ ਲਾਹ ਲਵੇਗਾ...ਇਹ ਤੇੜ ਚਾਦਰ ਐ...ਜਿਹੜਾ ਲਾਹੂ ਆਪੇ ਸ਼ਰਮ ਨਾਲ ਮਰੂ...ਅਸੀਂ ਕਿਹੜਾ ਰੋਕ ਦੇਣੈਂ।

ਇਲਮਦੀਨ : ਓਏ ਸ਼ਰਮ ਕਰ...ਕਿਹੋ ਜਿਹੀਆਂ ਗੱਲਾਂ ਕਰਨੈਂ ?

ਅਮਲੀ : ਨਾ ਮੈਂ ਕਿਉਂ ਸ਼ਰਮ ਕਰਾਂ...ਜੇ ਲਾਹੁਣ ਵਾਲਿਆਂ ਨੂੰ ਨਹੀਂ...ਸਾਲਿਆਂ

ਨੰਗ ਕਰ ਦਿੱਤੈ ਇਨ੍ਹਾਂ ਲੋਕਾਂ ਨੂੰ...ਛਿੱਲ ਲਾਹ ਕੇ। ਪਰ ਉਪਰ ਵਾਲਾ ਸਭ ਕੁਝ ਪਿਆ ਵੇਖਦੈ...ਇਨ੍ਹਾਂ ਪਾਣੀ ਦੀ ਬੂੰਦ-ਬੂੰਦ ਨੂੰ ਤਰਸਦਿਆਂ ਮਰ ਜਾਣੈ...ਜਿਸ ਤਰ੍ਹਾਂ ਹੁਣੇ ਸ਼ਾਹ ਮਰਨ ਲੱਗਾ ਸੀ।

ਇਲਮਦੀਨ : ਆਹੋ ਸੱਜਣਾ...ਜੇਕਰ ਤੂੰ ਪਾਣੀ ਲਿਆ ਕੇ ਨਾ ਦੇਂਦੋ ਤਾਂ ਸ਼ਾਹ ਤਾਂ ਚੱਲਿਆ ਸੀ ਸਿੱਧਾ ਧਰਮਰਾਜ ਦੀ ਕਚਹਿਰੀ।

ਅਮਲੀ : ਓਏ ਸ਼ਾਹ ਵਰਗੇ ਅਗਲਿਆਂ ਨੂੰ ਪਹੁੰਚਾ ਆਉਂਦੇ ਨੇ ਧਰਮਰਾਜ ਕੋਲ...ਆਪ ਮਾਂ ਵਾਲੀਆਂ ਦਲ੍ਹੀਜ਼ਾਂ 'ਚੋਂ ਹੀ ਵਾਪਸ ਮੁੜ ਆਉਂਦੇ ਨੇ।

ਸ਼ਾਹ : (ਆਉਂਦੇ ਹੋਏ) ਓਏ ਕੀਹਦੀ ਮਾਂ ਦੀਆਂ ਦਲ੍ਹੀਜ਼ਾਂ ?

ਅਮਲੀ : (ਹੌਲੇ ਜਿਹੇ) ਤੇਰੀ ਮਾਂ ਦੀਆਂ...ਹੋਰ ਕੀਹਦੀ ਦੀਆਂ ?

*(ਸ਼ਾਹ ਪਰਨੇ ਨਾਲ ਮੂੰਹ ਪੂੰਝਦਾ 'ਰਾਮ ਰਾਮ' ਕਰਦਾ ਹੋਇਆ ਵਾਪਸ ਤਖ਼ਤਪੋਸ਼ 'ਤੇ ਆ ਬੈਠਦਾ ਹੈ।)*

ਸ਼ਾਹ : (ਅਮਲੀ ਨੂੰ) ਲੈ ਅਮਲੀਆਂ...ਜ਼ਰਾ ਜੁੱਤੀ ਤਾਂ ਫੜਾਈਂ।

ਅਮਲੀ : (ਉਠਦੇ ਹੋਏ ਜੁੱਤੀ ਬੜੇ ਅੰਦਾਜ਼ ਨਾਲ ਚੁੱਕਦਾ ਹੈ ਤੇ ਸ਼ਾਹ ਨੂੰ ਫੜਾਉਂਦਾ ਹੈ) ਲੈ ਸ਼ਾਹ ਆਪਣੀ ਬਾਟਾ ਸ਼ੂ ਕੰਪਨੀ ਦੀ ਜੁੱਤੀ।

ਸੱਜਣ : ਓਏ ਅਮਲੀਆ ਚਾਨਣੀ ਜੁੱਤੀ ਕਹਿ।

ਸ਼ਾਹ : ਲੈ ਸਰਦਾਰੋ...ਚਾਨਣੀਆਂ ਜੁੱਤੀਆਂ ਤਾਂ ਤੁਹਾਨੂੰ ਸੋਂਹਦੀਆਂ...ਸਾਡੇ ਨਸੀਬਾਂ ਵਿਚ ਖਾਣਾ ਹੰਢਾਉਣਾ ਕਿਥੇ ?

ਅਮਲੀ : ਆਹੋ...ਖਾਂਦੇ ਪੀਂਦੇ ਤਾਹੀਓਂ ਤਾਂ ਇਹਦੀਆਂ ਅੱਖਾਂ 'ਚ ਚੁੱਭਦੇ ਨੇ।

ਇਲਮਦੀਨ : ਬਈ ਅਮਲੀ ਤਾਂ ਅੱਜ ਗਿੱਟਿਆਂ ਤੇ ਲਗਾਉਂਦਾ ਏ।

ਸ਼ਾਹ : ਲਗਾ ਲਵੇ ਬਈ ਲਗਾ ਲਵੇ...ਮੈਂ ਇਹਦੀ ਤੀਵੀਂ ਦੀਆਂ ਟੂੰਮਾਂ ਜੁ ਲਾਹ ਲਹੀਆਂ ਨੇ।

ਅਮਲੀ : ਤੀਵੀਂ ਕੀਹਦੀ ਸ਼ਾਹ...ਤੀਵੀਂ ਤਾਂ ਸਾਡੇ ਪਿਉ ਦੀ ਨਹੀਂ ਸੀ...ਛੜੇ ਆਏ ਛੜੇ ਚਲੇ ਜਾਣਾ। ਏਸੇ ਲਈ ਤੇਰੇ ਥੱਲੇ ਨਹੀਂ ਲੱਗਦੇ...ਬਈ ਇਲਮਦੀਨ ਵਰਗੇ ਪਏ ਤੇਰੇ ਦਰਾਂ 'ਤੇ ਗੇੜੇ ਲਾਉਣ।

ਇਲਮਦੀਨ : ਤੂੰ ਅਮਲੀਆ ਆਪਣੀ ਗੱਲ ਕਰ...ਮੈਨੂੰ ਕਿਉਂ ਵਿਚ ਲਿਆਉਂਦਾ ਏਂ ?

ਸ਼ਾਹ : ਲਿਆਵੇ ਕਿਉਂ ਨਾ...ਅਮਲੀ ਨੂੰ ਇਕ ਨਸੀਬ ਨਹੀਂ ਹੋਈ ਤੇ ਤੂੰ ਦੋ ਦੋ ਸਾਂਭੀ ਫਿਰਦਾ ਏਂ।

ਅਮਲੀ : ਆਹੋ ਸਾਂਭੀ ਫਿਰਦਾ ਏਂ...ਉਹ ਵੀ ਇਹਦੇ ਵਾਲਾਂ ਨੂੰ ਆਉਂਦੀਆਂ ਨੇ...ਨਹੀਂ ਇਤਬਾਰ ਤਾਂ ਇਹਦੀ ਪੱਗ ਲੁਹਾ ਕੇ ਵੇਖ ਲਵੋ...ਬਚਿਆ ਕੋਈ ਵਾਲ।

ਇਲਮਦੀਨ : ਓਏ ਤੂੰ ਆਪਣੇ ਸਾਂਭ ਕੇ ਰੱਖ।

ਅਮਲੀ : ਆਪਣਾ ਕੋਈ ਉੱਗਿਆ ਹੀ ਨਹੀਂ ਤਾਂ ਸਾਂਭੀਏ ਕੀ...ਸਾਡੀ ਤਾਂ ਉਹ ਗੱਲ ਏ 'ਕਾਹਨੂੰ ਦੇਨੀ ਏਂ ਚੰਦਰੀਏ ਗਾਲ੍ਹਾਂ, ਛੜੇ ਦਾ ਕਿਹੜਾ ਪੁੱਤ ਮਰ ਜੂ' ਬਾਕੀ ਇਲਮਦੀਨ ਦੀਆਂ ਦੋਵੇਂ ਜਿਹੜੀਆਂ ਜ਼ਿਦ-ਬਜ਼ਿਦੀ ਕਤੀੜ ਜੰਮੀ ਜਾਂਦੀਆਂ ਨੇ...ਵੱਡੀ ਹੋ ਲੈਣ ਦੇ, ਫੇਰ ਇਲਮਦੀਨ ਨੇ ਤੇਰੇ ਦਰ 'ਤੇ ਨੱਕ ਨਾ ਰਗੜਿਆ ਤਾਂ ਤੂੰ ਮੈਨੂੰ ਆਖੀਂ।

ਸ਼ਾਹ : ਓਏ ਅਮਲੀਆ...ਜੇਕਰ ਇਲਮਦੀਨ ਨੂੰ ਕੋਈ ਲੋੜ ਆ ਪਈ ਤਾਂ ਅਸੀਂ ਨਾਂਹ ਥੋੜ੍ਹੀ ਕਰਨੀ ਏ ?

ਅਮਲੀ : ਆਹੋ ਛਿੱਲ ਲਾਹੁਣ ਨੂੰ ਹਮੇਸ਼ਾ ਤਿਆਰ।

ਸ਼ਾਹ : ਓਏ ਅਮਲੀਆ...ਸਾਰੀਆਂ ਉਂਗਲਾਂ ਬਰਾਬਰ ਨਹੀਂ ਹੁੰਦੀਆਂ...ਤੂੰ ਸਾਡੇ ਨਾਲ ਵਰਤ ਕੇ ਵੇਖ।

ਸੱਜਣ : ਆਹੋ ਅਮਲੀਆ...ਇਕ ਵਾਰੀ ਸ਼ਾਹ ਨਾਲ ਵਰਤ ਕੇ ਤਾਂ ਵੇਖ।

ਅਮਲੀ : ਵਰਤ ਲਵਾਂਗੇ ਬਈ ਵਰਤ ਲਵਾਂਗੇ...ਜਦੋਂ ਮਾਵੇ ਤੋਂ ਟੁੱਟੇ...ਇਕ ਕੋਠਾ ਏ...ਕਰ ਦਿਆਂਗੇ ਸ਼ਾਹ ਦੇ ਹਵਾਲੇ...ਲੈ ਸ਼ਾਹ ਤੂੰ ਕਰ ਲੈ ਲੱਤਾਂ ਮੋਕਲੀਆਂ...ਅਸੀਂ ਨੀਲੇ ਅਸਮਾਨ ਥੱਲੇ ਜੀ ਲਵਾਂਗੇ।

ਸ਼ਾਹ : (ਉਹਦੀ ਗੱਲ ਵੱਲ ਧਿਆਨ ਦਿੱਤੇ ਬਗ਼ੈਰ) ਲੈ ਬਈ ਸੱਜਣ ਸਿਆਂ ਤੇ ਇਲਮਦੀਨਾ....ਤੁਹਾਡਾ ਇਹ ਖੂਹ ਹੈ ਸਵਰਗ ਦਾ ਝੂਟਾ।

ਬਾਬਾ : (ਆਉਂਦਾ ਹੋਇਆ) ਓਏ ਸ਼ਾਹ...ਇਸ ਸਵਰਗ ਨੂੰ ਕਿਤੇ ਨਰਕ ਨਾ ਬਣਾ ਦੇਈਂ।

*(ਸਾਰੇ ਉੱਠਦੇ ਹਨ।)*

ਸੱਜਣ : ਵਾਹਿਗੁਰੂ ਜੀ ਕੀ ਫਤਿਹ ਬਾਬਾ ਜੀ।

ਬਾਬਾ : ਵਾਹਿਗੁਰੂ ਜੀ ਕੀ ਫਤਿਹ।

ਇਲਮਦੀਨ : ਪੈਰੀਂ ਪੈਂਦਾ ਹਾਂ ਬਾਬਾ ਜੀ।

ਬਾਬਾ : ਜੀਉਂਦਾ ਰਹੁ।

ਅਮਲੀ : ਸਾਡੀ ਵੀ ਫਤਿਹ ਹੋਵੇ ਬਾਬਾ ਜੀ।

ਬਾਬਾ : ਫਤਿਹ ਬਈ ਆਲਾ ਸਿਆਂ ਫਤਿਹ।

ਸ਼ਾਹ : ਰਾਮ ਰਾਮ ਬਾਬਾ ਜੀ...ਇਹ ਗੱਲ ਤੁਸੀਂ ਕੀ ਕਹਿ ਦਿੱਤੀ ?

ਬਾਬਾ : ਓਏ ਸ਼ਾਹ...ਕੁਝ ਨਜ਼ਰਾਂ ਹੀ ਐਸੀਆਂ ਹੁੰਦੀਆਂ ਨੇ ਜੋ ਹਰਿਆਂ ਨੂੰ ਪੀਲਿਆਂ ਕਰ ਦਿੰਦੀਆਂ ਨੇ...ਇਸੇ ਕਰਕੇ ਕਿਹਾ ਏ ਇਸ ਖੂਹ ਵੱਲ ਨਜ਼ਰ ਸਵੱਲੀ ਰੱਖੀ।

ਸ਼ਾਹ : (ਵਹੀ ਸਾਂਭਦੇ ਹੋਏ) ਅੱਛਾ ਬਈ ਸੱਜਣ ਸਿਆਂ...ਇਲਮਦੀਨਾ, ਤੁਸੀਂ ਪਾਣੀ ਪਿਆ ਕੇ ਬਚਾ ਲਿਆ। ਤੁਹਾਨੂੰ ਕੋਈ ਮੇਰੇ ਗੋਚਰਾ

ਕੰਮ ਹੋਇਆ ਤਾਂ ਦੱਸਣੋਂ ਸੰਕੋਚ ਨਾ ਕਰਨਾ...ਮੈਂ ਨਹੀਂ ਮੋਢਾ ਮੋੜਨ ਵਾਲਾ।

ਅਮਲੀ : (ਜਾਂਦੇ ਹੋਏ ਦੇ ਪਿੱਛੇ ਲੱਗ ਕੇ) ਆਹੋ ਇਹ ਨਹੀਂ ਮੋਢਾ ਮੋੜਨ ਵਾਲਾ...ਤੁਹਾਨੂੰ ਮੋਢਾ ਦੇ ਕੇ ਤੋੜ ਪੁਚਾ ਆਊਂ।

ਬਾਬਾ : ਠੀਕ ਹੀ ਆਖਦੈ ਆਲਾ ਸਿੰਘ...ਸ਼ਾਹ ਦੇ ਪੋਤੜਿਆਂ ਨੂੰ ਪਛਾਣਦਾ ਏਂ...ਹੁਣ ਉਹ ਆਖਦਾ ਸੀ ਇਹ ਤੂਤਾਂ ਵਾਲਾ ਖੂਹ ਸਵਰਗ ਏ...ਹੁਣ ਸ਼ਾਹ ਨੂੰ ਕੀ ਪਤਾ ਇਹ ਸਵਾਂਗ ਉਸਾਰਨ ਲਈ ਸੱਜਣ ਦੇ ਬਾਪੂ ਚੰਦਾ ਸਿੰਘ ਤੇ ਇਲਮਦੀਨ ਦੇ ਅੱਬਾ ਚਿਰਾਗ਼ਦੀਨ ਨੂੰ ਕੀ ਜਫ਼ਰ ਜਾਲਣੇ ਪਏ...ਦੋਵੇਂ ਭਰਾਵਾਂ ਤੋਂ ਵੱਧ ਦੋਸਤ ਸਨ...ਸਾਰੀ ਉਮਰ ਉਨ੍ਹਾਂ ਪੱਕੀ ਦੋਸਤੀ ਨਿਭਾਈ।

ਅਮਲੀ : ਨਿਭਾਈ...ਬਾਬਾ ਜੀ ਨਿਭਾਈ, ਠੋਕ ਕੇ ਨਿਭਾਈ।

ਬਾਬਾ : ਲਾਹੌਰੋਂ ਕਸੂਰ ਤੇ ਕਸੂਰੋਂ ਲਾਹੌਰ 'ਕੱਠੇ ਗੱਡੀ ਵਾਹੁੰਦੇ ਸਨ।

ਸੱਜਣ : ਆਹੋ ਬਾਬਾ ਜੀ ਮੈਂ ਤੇ ਇਲਮਾਂ ਵੀ ਛੋਟੇ ਹੁੰਦੇ ਬਾਪੂ ਤੇ ਚਾਚੇ ਨਾਲ ਲਾਹੌਰ ਗਏ ਸਾਂ।

ਅਮਲੀ : ਓਏ ਤੁਸੀਂ ਲਾਹੌਰ ਗਏ ਸੀ...ਕਿਉਂ ਇਲਮਿਆਂ ਗਿਆ ਸੀ ?

ਇਲਮਦੀਨ : ਆਹੋ ਗਏ ਸੀ।

ਅਮਲੀ : ਫਿਰ ਤੁਸੀਂ ਉਸ ਬਾਜ਼ਾਰ ਗਏ ਸੀ ?

ਇਲਮਦੀਨ : ਕਿਹੜੇ ਓਏ ?

ਅਮਲੀ : ਓਏ ਓਹੀ ਜਿਥੇ ਠੁਮਕ ਠੁਮਕ ਕਰਕੇ ਨੱਚਦੀਆਂ ਨੇ।

ਸੱਜਣ : ਨਹੀਂ ਓਏ।

ਅਮਲੀ : ਲੈ ਫਿਰ ਤੁਸੀਂ ਕਾਹਦਾ ਲਾਹੌਰ ਵੇਖਿਆ...ਐਵੇਂ ਜੰਮ ਕੇ ਈ ਗਵਾਇਆ।

ਸੱਜਣ : ਤੂੰ ਵਿਚ ਨਾ ਬੋਲ...ਤੇ ਬਾਬਾ ਜੀ ਵਾਪਸੀ 'ਤੇ ਛਾਉਣੀ ਆ ਕੇ ਗੋਰਿਆਂ ਨੇ ਗੱਡੀ ਰੋਕ ਲਈ...ਅਖੇ ਵਗਾਰ ਲਜਾਣੀ ਏ...ਬਾਪੂ ਤੇ ਚਾਚਾ ਤਾਂ ਉਨ੍ਹਾਂ ਨੂੰ ਵੇਖ ਕੇ ਇਕਦਮ ਉਧਰ ਹੋ ਗਏ...ਕਾਬੂ ਆ ਗਏ ਮੈਂ ਤੇ ਇਲਮਾਂ...ਤੇ ਇਲਮੇ ਦੀਆਂ ਤਾਂ ਉਹਨੂੰ ਵੇਖ ਕੇ ਡਾਡਾਂ ਹੀ ਨਿਕਲ ਗਈਆਂ।

ਇਲਮਦੀਨ : ਮੇਰੀਆਂ ਕਦੋਂ ਡਾਡਾਂ ਨਿਕਲੀਆਂ...ਜੇ ਨਿਕਲੀਆਂ ਵੀ ਸੀ ਤਾਂ ਤੇਰੀਆਂ ਡਾਡਾਂ ਤੋਂ ਬਾਅਦ।

ਅਮਲੀ : ਆਹੋ, ਦੋ ਸੂਰਮੇ ਜੋ 'ਕੱਠੇ ਹੋ ਗਏ...ਸਾਲੇ ਨਲੀ ਚੋਚੋ ਜਿਹੇ।

ਸੱਜਣ : ਤੇ ਗੋਰਾ ਲੱਗ ਪਿਆ ਸਾਨੂੰ 'ਗਰੇਜ਼ੀ 'ਚ ਗਾਲ੍ਹਾਂ ਦੇਣ।

ਅਮਲੀ : ਆਹੋ ਉਹ ਕਹਿੰਦਾ ਹੋਣਾ...ਯੂ ਡੈਮ ਬਲੱਡੀ ਦੀ ਲਾਲਟੈਣ।

ਸੱਜਣ : ਓਏ ਇਹਦਾ ਮਤਲਬ ਕੀ ਹੋਇਆ ?

ਅਮਲੀ : ਇਹਦਾ ਮਤਲਬ ਹੋਇਆ ਤੁਸੀਂ ਦੋਵੇਂ ਹਰਾਮ ਦੇ ਹੋ।

ਇਲਮਦੀਨ : ਓਏ ਤੈਨੂੰ ਕਿਸ ਤਰ੍ਹਾਂ ਪਤੈ...ਤੈਨੂੰ ਕਿਹੜਾ 'ਗਰੇਜ਼ੀ ਆਉਂਦੀ ਏ ?

ਅਮਲੀ : 'ਗਰੇਜ਼ੀ ਨਹੀਂ ਆਉਂਦੀ...ਪਰ ਬੰਦਾ ਵੇਖ ਕੇ ਪਛਾਣ ਲਈਦਾ ਬਈ ਕਿਹੋ ਜਿਹੀ ਗਾਲ੍ਹ ਕੱਢੂ...ਸਾਰੀ ਰਾਤ ਗਾਲ੍ਹਾਂ ਈ ਖਾਂਦੇ ਰਹੇ ਹਾਂ। ਠਾਣੇਦਾਰ ਦੀ ਗਾਲ੍ਹ ਹੋਰ ਤਰ੍ਹਾਂ ਦੀ...ਠਹਿਰ ਤੇਰੀ ਭੈਣ ਦੀ...ਚੂੜੇ ਵਾਲੀ ਦੀ ਹੋਰ ਤਰ੍ਹਾਂ ਦੀ ਗਾਲ੍ਹ—ਚੱਲ ਖਸਮਾਂ ਨੂੰ ਖਾਣਾ...ਜਾਣੀ ਗਾਲ੍ਹ ਈ ਨਹੀਂ ਲੱਗਦੀ...ਤੇ ਉਹ ਝਾੜੂ ਵਾਲੀਆਂ ਤਾਂ ਸਿੱਧਾ ਮੋਰ ਬਣਾ ਦਿੰਦੀਆਂ ਨੇ।

ਬਾਬਾ : ਲੈ ਤੂੰ ਆਪਣੀਆਂ ਹੀ ਗੱਲਾਂ ਛੋਹ ਬੈਠਾ ਆਲੇ ਸਿਆਂ...ਮੈਂ ਤਾਂ ਇਹ ਖੂਹ ਦੀ ਗੱਲ ਕਰਨਾਂ...ਸਾਰੇ ਇਲਾਕੇ ਵਿਚ ਇਹੋ ਜਿਹਾ ਮਿੱਠਾ ਪਾਣੀ ਕਿਧਰੇ ਨਹੀਂ...ਇਹ ਖੂਹ ਜਿਹੜਾ ਚੰਦਾ ਸਿੰਘ ਤੇ ਚਰਾਗ਼ਦੀਨ ਦੀ ਸਾਂਝੀ ਜ਼ਮੀਨ 'ਤੇ ਲੱਗਿਆ ਏ...ਜਦੋਂ ਇਹ ਤੂਤ ਲੱਗੇ ਤਾਂ ਵੀ ਮੈਂ ਏਥੇ ਸਾਂ।

ਸੱਜਣ : ਆਹੋ ਬਾਬਾ ਜੀ...ਇਹਦੀਆਂ ਛਿੱਟੀਆਂ ਉਹ ਖਾਂਘੜ ਜਿਹੇ ਖੜਕ ਸਿਹੁੰ ਦੇ ਵਿਹੜੇ ਨਾਲ ਤੂਤ ਤੋਂ ਮੈਂ ਤੇ ਇਲਮਾਂ ਹੀ ਖੱਗ ਕੇ ਲਿਆਏ ਸਾਂ।

ਬਾਬਾ : ਤੇ ਚਾਚਾ ਨੀਰਾ ਵੀ ਉਥੇ ਹੀ ਸੀ। ਉਹ ਕਹਿਣ ਲੱਗਾ—ਇਕ ਪਾਸੇ ਲਗਾਏ ਇਲਮਾਂ ਤੇ ਦੂਜੇ ਪਾਸੇ ਲਗਾਏ ਸੱਜਣ ਤਾਂ ਜੋ ਤੂਤ ਜਦੋਂ ਵੱਡੇ ਹੋਣ ਤਾਂ ਵੰਡਣ ਵੇਲੇ ਮੁਸ਼ਕਲ ਨਾ ਆਵੇ। ਪਰ ਅਸ਼ਕੇ ਇਹਦੇ ਬਾਪੂ ਚੰਦਾ ਸਿੰਘ ਦੇ...ਉਹ ਕਹਿਣ ਲੱਗਾ—ਚਾਚਾ, ਮੈਂ ਤੇ ਚਰਾਗ਼ਦੀਨ ਨੇ ਸਾਰੀ ਉਮਰ 'ਕੱਠੀ ਲੰਘਾਈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਮੁੰਡਿਆਂ ਵਿਚ ਫ਼ਰਕ ਨਾ ਪਵੇ। ਉਹਨੇ ਖੂਹ ਦੇ ਆਲੇ-ਦੁਆਲੇ ਚੱਕਰ ਬਣਾਇਆ...ਥਾਂ-ਥਾਂ 'ਤੇ ਟੋਇਆ ਬਣਾਇਆ ਤੇ ਕਿਹਾ—"ਇਕ ਵਿਚ ਲਾਏ ਸੱਜਣ ਤੇ ਦੂਜੇ ਵਿਚ ਲਾਏ ਇਲਮਾਂ। ਫਿਰ ਲਾਏ ਸੱਜਣ, ਫਿਰ ਲਾਏ ਸੱਜਣ ਇਲਮਾਂ-ਤਾਂ ਜੋ ਤੂਤ ਜਦੋਂ ਵੱਡੇ ਹੋਣ ਤਾਂ ਪਤਾ ਨਾ ਲੱਗੇ ਕਿ ਸੱਜਣ ਦਾ ਕਿਹੜਾ ਏ ਤੇ ਇਲਮੇ ਦਾ ਕਿਹੜਾ ਏ।" ਤੇ ਪੁੱਤਰੋ ਇਹ ਇਸ ਸਾਂਝ ਦਾ ਹੀ ਨਤੀਜਾ ਏ ਕਿ ਇਨ੍ਹਾਂ ਤੂਤਾਂ ਦੀ ਛਾਂ ਦੀ ਬਰਕਤ ਸਾਰੇ ਪਿੰਡ ਉੱਤੇ ਹੈ।

ਅਮਲੀ : ਬਰਕਤ ਵਰਗੀ ਬਰਕਤ ਬਾਬਾ ਜੀ...ਮੇਰਾ ਤਾਂ ਇਥੋਂ ਉੱਠ ਕੇ ਘਰ ਜਾਣ ਨੂੰ ਜੀਅ ਨਹੀਂ ਕਰਦਾ...(ਫਿਰ ਆਪਣੇ ਆਪ ਨੂੰ) ਨਾਲੇ ਘਰੇ ਕਿਹੜਾ ਕੋਈ ਚੂੜੇ ਵਾਲੀ ਉਡੀਕ ਕਰਦੀ ਏ।

ਬਾਬਾ : ਪੁੱਤਰੋ...ਇਨ੍ਹਾਂ ਤੂਤਾਂ ਦੀ ਰਾਖੀ ਖ਼ਬਰਦਾਰ ਹੋ ਕੇ ਕਰਨੀ...ਕਿਸੇ ਸੱਪ ਨੂੰ ਇਜਾਜ਼ਤ ਨਾ ਦੇਣਾ ਕਿ ਇਨ੍ਹਾਂ ਦੀਆਂ ਜੜ੍ਹਾਂ ਵਿਚ ਆਪਣੀ ਖੁੱਡ ਬਣਾ ਸਕੇ...ਮੈਂ ਤਾਂ ਹੁਣ ਚਲਦਾ ਹਾਂ।

ਅਮਲੀ : ਨਾ ਬਾਬਾ ਜੀ, ਤੁਸੀਂ ਕਿਥੇ ਚੱਲੇ ਹੋ...ਜਦੋਂ ਆਉਂਦੇ ਹੋ, ਉਦੋਂ ਹੀ ਕਹਿੰਦੇ ਹੋ, ਮੈਂ ਚੱਲਿਆ ਹਾਂ।

ਬਾਬਾ : ਉਏ ਆਲਾ ਸਿਆਂ...ਹੁਣ ਫਿਰੰਗੀਆਂ ਦੇ ਖ਼ਿਲਾਫ਼ ਆਖ਼ਰੀ ਮੋਰਚਾ ਏ...ਮੈਂ ਹੁਣ ਪਿੰਡ ਵੱਲ ਹੋ ਆਵਾਂ...ਸਾਰਿਆਂ ਨੂੰ ਫ਼ਤਹਿ ਕਹਿ ਆਵਾਂ...ਨਾਲੇ ਆਲਾ ਸਿਆਂ...ਤੂੰ ਵੀ ਮੇਰੇ ਨਾਲ ਚੱਲ...ਉਹ ਲੱਭੂ ਭਲਵਾਨ ਤੇਰੀ ਸ਼ਿਕਾਇਤ ਕਰਦਾ ਈ।

ਅਮਲੀ : ਨਾ ਬਾਬਾ ਜੀ...ਲੱਭੂ ਭਲਵਾਨ ਮੇਰੀ ਸ਼ਿਕਾਇਤ ਕਿਉਂ ਕਰਦਾ ਸੀ...ਮੈਂ ਕਿਹੜਾ ਉਹਦੀ ਬੱਕਰੀ ਖੋਲ੍ਹ ਲਿਆਇਆ ਹਾਂ ?

ਬਾਬਾ : ਓਏ ਉਹਦੇ ਕੋਲੋਂ ਮਾਵੇ ਵਾਲੀ ਡੱਬੀ ਲਿਆਇਆ ਹੋਵੇਂਗਾ...ਪੈਸੇ ਨਹੀਂ ਪਹੁੰਚਾਏ ਹੋਣੇ।

ਅਮਲੀ : ਲਉ ਬਾਬਾ ਜੀ...ਪੈਸੇ ਕਾਹਦੇ ਦੇਣੇ ਸਨ...ਐਤਕੀਂ ਪਤਾ ਨਹੀਂ ਉਹਨੇ ਡੱਬੀ ਵਿਚ ਘੋੜੇ ਦੀ ਲਿੱਦ ਦੇ ਦਿੱਤੀ ਏ ਜਾਂ ਚੂਹੇ ਦੀਆਂ ਮੀਂਗਣਾਂ...ਜਾਣੀ ਨਸ਼ਾ ਜਿਹਾ ਈ ਨਹੀਂ ਚੜ੍ਹਦਾ...ਮੈਂ ਚੱਲਦਾ ਹਾਂ, ਤੁਹਾਡੇ ਨਾਲ ਵੱਡਾ ਭਲਵਾਨ ਬਣਿਆ ਫਿਰਦਾ ਏਂ...ਮੈਂ ਉਹਦੇ ਨਾਲੋਂ ਘੱਟ ਆਂ...(ਉੱਠਦੇ ਹੋਏ) ਬਾਬਾ ਜੀ ਤੁਸੀਂ ਚੱਲੋ...ਮੈਂ ਜ਼ਰਾ ਖੇਤ ਵੱਲ ਹੋ ਆਵਾਂ...ਹੁਣੇ ਈ ਆਇਆ। ਜੇ ਨਾ ਵੀ ਆਇਆ ਤਾਂ ਫਿਰ ਸਾਡੀ ਫਤਿਹ।

ਸੱਜਣ : (ਉੱਠਦਾ ਹੋਇਆ) ਹਲਾ ਇਲਮਿਆਂ...ਮੈਂ ਵੀ ਗੇੜਾ ਮਾਰ ਆਵਾਂ... ਤੂੰ ਪਾਣੀ ਦਾ ਨੱਕਾ ਮੋੜਦਾ ਰਹੀਂ।

ਇਲਮਦੀਨ : ਘਰ ਚੱਲਿਆਂ ਏਂ ਤਾਂ ਆਪਣੇ ਵੀ 'ਵਾਜ ਦੇਈਂ...ਅੱਜ ਦੋਨਾਂ ਵਿਚੋਂ ਇਕ ਵੀ ਨਹੀਂ ਅੱਪੜੀ...ਭੁੱਖ ਨਾਲ ਕੋਕੜੇ ਪਏ ਵੱਜਦੇ ਨੇ।

*(ਸਾਰੇ ਜਾਂਦੇ ਹਨ ਤੇ ਸਟੇਜ ਥੋੜੇ ਚਿਰ ਲਈ ਖ਼ਾਲੀ ਰਹਿੰਦੀ ਏ। ਬਲੈਕ ਆਊਟ।)*

* *

[ਸ਼ਾਹ ਇਧਰ ਉਧਰ ਵੇਖਦਾ ਹੈ, ਜਿਵੇਂ ਕਿਸੇ ਨੂੰ ਲੱਭਦਾ ਹੋਵੇ। ਫਿਰ ਆ ਕੇ ਤਖ਼ਤਪੋਸ਼ ਤੇ 'ਤੇ ਬੈਠ ਜਾਂਦਾ ਹੈ ਤੇ ਵਹੀ ਖੋਲ੍ਹ ਲੈਂਦਾ ਹੈ।]

ਸ਼ਾਹ : ਛੇ ਛੀਕਾ ਛੱਤੀ ਤੇ ਇਕ ਸੈਂਤੀ...ਜਮ੍ਹਾ ਕੀਤੇ ਤਿੰਨ...ਹੋ ਗਏ ਚਾਲੀ, ਹਾਸਲ ਆ ਗਏ ਚਾਰ ਤੇ ਥੱਲੇ ਬਚਿਆ ਕੁਝ ਵੀ ਨਾ...ਲੋਕ ਕਹਿੰਦੇ

ਨੇ ਸ਼ਾਹ ਨੂੰ ਬੜੀਆਂ ਆਮਦਨਾਂ ਨੇ...ਇਥੇ ਹਾਸਲ ਭਾਵੇਂ ਚਾਰ ਆ ਜਾਣ ਪਰ ਥੱਲੇ ਕੁਝ ਨਹੀਂ ਬਚਦਾ।

ਸ਼ਾਹਣੀ : (ਗੁੱਸੇ ਨਾਲ ਭਰੀ ਆਉਂਦੀ ਹੈ) ਨਾ ਤੇਰੇ ਥੱਲੇ ਤਾਂ ਕਦੇ ਕੁਝ ਨਹੀਂ ਬਚਦਾ।

ਸ਼ਾਹ : ਲੈ...ਤੇਰੇ ਕੋਲੋਂ ਘਰੋਂ ਖਹਿੜਾ ਛੁਡਾ ਕੇ ਮੈਂ ਇਥੇ ਤੂਤਾਂ ਦੀ ਠੰਡੀ ਛਾਂ ਥੱਲੇ ਆਇਆਂ...ਪਰ ਤੂੰ ਇਥੇ ਵੀ ਮਗਰੇ ਹੀ ਆ ਗਈ...(ਦਰਸ਼ਕਾਂ ਵੱਲ)...ਬੰਦਾ ਤੇਈਏ ਤਾਪ ਤੋਂ ਛੁਟਕਾਰਾ ਪਾ ਸਕਦੈ, ਤਪਦਿਕ ਤੋਂ ਛੁਟਕਾਰਾ ਪਾ ਸਕਦੈ...ਪਰ ਇਕ ਵਾਰੀ ਭੈੜੀ ਤੀਵੀਂ ਦੇ ਵੱਸ ਪੈ ਜਾਏ, ਉਮਰ ਭਰ ਛੁਟਕਾਰਾ ਨਹੀਂ ਪਾ ਸਕਦਾ...(ਸ਼ਾਹਣੀ ਵੱਲ) ਤਾਂ ਹੁਣ ਤੂੰ ਕੀ ਚਾਹੁੰਦੀ ਏਂ ?

ਸ਼ਾਹਣੀ : ਤੂੰ ਬੰਦਾ ਬਣ ਕੇ ਮੇਰੀਆਂ ਟੂੰਮਾਂ ਮੇਰੇ ਹਵਾਲੇ ਕਰ ਦੇ...ਜਿਹੜੀਆਂ ਟਰੰਕ ਵਿਚੋਂ ਕੱਢ ਲਿਆਇਆ ਏਂ।

ਸ਼ਾਹ : ਨਾ...ਮੇਰੀ ਰਾਤ ਦੀ ਬੱਕੜਵਾਹ ਦਾ ਕੋਈ ਅਸਰ ਨਹੀਂ ਹੋਇਆ ?

ਸ਼ਾਹਣੀ : ਝੂਠੀ ਗੱਲ...ਅਖੇ ਸਖੀ ਨਾਲੋਂ ਸੂਮ ਭਲਾ ਜਿਹੜਾ ਤੁਰੰਤ ਦੇਵੇ ਜਵਾਬ।

ਸ਼ਾਹ : ਤਾਹੀਓਂ ਕਹਿੰਦੇ ਨੇ...ਜ਼ਨਾਨੀ ਦੀ ਮੱਤ ਗੁੱਤ ਪਿੱਛੇ ਹੁੰਦੀ ਏ...ਮੈਂ ਇਹ ਤੂਤ ਸਾਂਭਣ ਦਾ ਪ੍ਰਬੰਧ ਪਿਆ ਕਰਦਾਂ...ਇਹਨੂੰ ਆਪਣੀਆਂ ਟੂੰਮਾਂ ਦੀ ਪਈ ਹੋਈ ਏ।

ਸ਼ਾਹਣੀ : ਗੁੱਤ ਪਿੱਛੇ ਨਾ...ਹੁੰਦੀਓਂ ਈ ਨਹੀਂ...ਭਲਾ ਜੇ ਮੱਤ ਹੁੰਦੀ ਤਾਂ ਤੈਨੂੰ ਆਪਣਾ ਨੱਕ ਕੰਨ ਲਾਹ ਕੇ ਤੇਰੇ ਹਵਾਲੇ ਕਿਉਂ ਕਰ ਦਿੰਦੀ...ਤੇਰਾ ਤਾਂ ਕਿਤੇ ਸਾਰਿਆ ਹੀ ਨਹੀਂ।

ਸ਼ਾਹ : ਨਾ ਮੈਂ ਇਹ ਸਭ ਕੁਝ ਆਪਣੇ ਲਈ ਕਰ ਰਿਹੈਂ...ਤੇਰੇ ਤੇ ਤੇਰੇ ਪੁੱਤਰ ਲਈ ਹੀ ਸਿਆਪੇ ਕਰ ਰਿਹਾਂ...ਜੇ ਇਹ ਤੂਤ ਆਪਣੇ ਹੋ ਜਾਣ ਤਾਂ ਮਾੜਾ ਕੀ ਏ ?

ਸ਼ਾਹਣੀ : ਨਾ...ਸਾਡੇ ਸਿਆਪੇ ਨਾ ਕਰ...ਸਿਆਪਾ ਕਰਨ ਏ ਤਾਂ ਆਪਣੀ ਜੰਮਣ ਵਾਲੀ ਦਾ ਕਰ...ਮੇਰਾ ਨੱਕ, ਕੰਨ ਤੂੰ ਬੁੱਚਾ ਕਰ ਦਿੱਤਾ...ਮਰੀ ਨੂੰ ਕਿਸੇ ਨੂੰਹ ਧੀ ਨੇ ਨਹਾਉਣਾ ਵੀ ਨਹੀਂ।

ਸ਼ਾਹ : ਮਰੀ ਨੂੰ ਨਹਾਉਣ ਦੀ ਜਿਨ੍ਹਾਂ ਦੀ ਜ਼ਿੰਮੇਵਾਰੀ ਏ...ਉਹ ਜਾਨਣ, ਭਲਾ ਤੈਨੂੰ ਇਸ ਗੱਲ ਦੀ ਕੀ ਚਿੰਤਾ ?

ਸ਼ਾਹਣੀ : ਆਹੋ...ਤੂੰ ਮਰਨ ਵਾਲੀ ਬਣ...ਇਹੋ ਕਹਿਣਾ ਚਾਹੁੰਨੈਂ...ਪਰ ਫ਼ਿਕਰ ਨਾ ਕਰ...ਮੈਂ ਇੰਨੀ ਛੇਤੀ ਮਗਰੋਂ ਲਹਿਣ ਵਾਲੀ ਨਹੀਂ।

ਸ਼ਾਹ : ਆਹੋ...ਇਹ ਤਾਂ ਮੈਂ ਜਾਣਦੈਂ...ਬਈ ਮੇਰੇ ਐਡੇ ਭਾਗ ਕਿੱਥੇ ?

ਸ਼ਾਹਣੀ : ਹਲਾ...ਗੱਲਾਂ ਨਾ ਬਣਾ...ਮੇਰੀਆਂ ਟੂੰਮਾਂ ਮੇਰੇ ਹਵਾਲੇ ਕਰ।

ਸ਼ਾਹ : ਕਰ ਦਿੰਨੇ ਆਂ...ਜੇ ਤੂੰ ਸਾਡੇ ਨੁਕਸਾਨ ਵਿਚ ਹੀ ਰਾਜੀ ਏਂ।

ਸ਼ਾਹਣੀ : ਨਾ ਟੂੰਮਾਂ ਮੇਰੀਆਂ...ਪੇਕਿਉਂ ਮੈਂ ਲਿਆਈ...ਨੁਕਸਾਨ ਤੇਰਾ ਕਿਸ ਤਰ੍ਹਾਂ ਹੋ ਗਿਆ ?

ਸ਼ਾਹ : ਅਸੀਂ ਤੇਰੀ ਇਕ ਟੂੰਮ ਤੋਂ ਅੱਗੇ ਦਸ ਟੂੰਮਾਂ ਬਣਾਈਆਂ ਨੇ...ਇਹਨੂੰ ਕਹਿੰਦੇ ਸ਼ਾਹੂਕਾਰਾਂ...ਪਰ ਤੈਨੂੰ ਕੀ ਪਤਾ..ਤੇਰੇ ਪਿਉ ਦਾਦੇ ਨੇ ਇਹ ਸ਼ਾਹੂਕਾਰਾ ਕੀਤਾ ਹੁੰਦਾ ਤਾਂ ਪਤਾ ਹੁੰਦਾ।

ਸ਼ਾਹਣੀ : ਸ਼ੁਕਰ ਏ ਮੇਰੇ ਪਿਉ ਦਾਦੇ ਨੇ ਇਹ ਕੁੱਤਾ ਕੰਮ ਨਹੀਂ ਕੀਤਾ।

ਸ਼ਾਹ : (ਦਰਸ਼ਕਾਂ ਵੱਲ) ਓਏ ਵੇਖੋ ਲੋਕੋ ਹਨੇਰ...ਸਾਡੀ ਹੀ ਜ਼ਨਾਨੀ ਸਾਡੇ ਹੀ ਕੰਮ ਨੂੰ ਕੁੱਤਾ ਆਖਦੀ ਏ...(ਸ਼ਾਹਣੀ ਵੱਲ) ਮੈਂ ਤਾਂ ਉਸ ਪੰਡਤ ਨੂੰ ਰੋਨਾ ਵਾਂ...ਜਿਸ ਨੇ ਤੇਰੇ ਨਾਲ ਮੇਰੇ ਫੇਰੇ ਕਰਵਾਏ।

ਸ਼ਾਹਣੀ : ਤੂੰ ਰੋਨਾ ਏਂ ਪੰਡਤ...ਮੈਂ ਰੋਨੀ ਆਂ ਤੇਰੀ ਮਾਂ ਨੂੰ...ਜੋ ਤੈਨੂੰ ਜੰਮ ਗਈ ਮੇਰੇ ਲਈ।

ਸ਼ਾਹ : ਨਾ...ਉਸ ਮਰੀ ਨੂੰ ਹੁਣ ਕਿਉਂ ਰੋਨੀ ਏਂ ? (ਜੇਬ ਵਿਚੋਂ ਟੂੰਮਾਂ ਕੱਢ ਕੇ) ਵਿਚੋਂ ਗੱਲ ਤਾਂ ਇਨ੍ਹਾਂ ਟੂੰਮਾਂ ਦੀ ਏ ਨਾ ? ਲੈ ਤੇ ਮਗਰੋਂ ਲਹਿ।

ਸ਼ਾਹਣੀ : (ਟੂੰਮਾਂ ਲੈਂਦੀ ਹੋਈ) ਹਲਾ, ਰੋਟੀ ਖਾਣ ਵੇਲੇ ਸਿਰ ਆ ਜਾਵੀਂ...ਮੈਂ ਗਵਾਂਢਣਾਂ ਨਾਲ ਫੇਰ ਮੁਕਾਣੇ ਜਾਣਾ ਹੈ।

ਸ਼ਾਹ : ਤੇ ਗੁਆਂਢਣਾਂ ਨੂੰ ਸੱਦਾ ਦੇ ਆਵੀਂ ਕਿ ਮੇਰੀ ਮੁਕਾਣੇ ਆ ਜਾਣ।

ਸ਼ਾਹਣੀ : ਸ਼ੁਭ ਸ਼ੁਭ ਬੋਲ।

ਸ਼ਾਹ : ਹਾਲੇ ਸ਼ੁਭ ਸ਼ੁਭ ਬੋਲਣ ਦੀ ਕਸਰ ਰਹਿ ਗਈ ਏ ?

*(ਸ਼ਾਹਣੀ ਜਾਂਦੀ ਹੈ। ਸ਼ਾਹ ਫੇਰ ਹਿਸਾਬ ਕਿਤਾਬ ਵਿਚ ਪੈ ਜਾਂਦਾ ਹੈ।)*

ਇਲਮਦੀਨ : ਇਹ ਸ਼ਾਹ...ਕਿਹੜੇ ਹਿਸਾਬ ਕਿਤਾਬ ਵਿਚ ਪੈ ਗਿਆ ਏਂ ?

ਸ਼ਾਹ : ਓਏ ਆ ਬਈ ਚੌਧਰੀ ਇਲਮਦੀਨਾ...ਤੈਨੂੰ ਪਿਆ ਉਡੀਕਦਾ ਹਾਂ...ਤੂੰ ਤਾਂ ਈਦ ਦਾ ਚੰਦ ਹੋ ਗਿਆਂ...ਦਿੱਸਣੋਂ ਹੀ ਗਿਆ। ਬੰਦਾ ਹੋਵੇ ਤਾਂ ਸੱਜਣ ਸਿੰਘ ਵਰਗਾ...ਦਾਣੇ ਆਉਂਦਿਆਂ ਹੀ ਪਹਿਲਾਂ ਹਿਸਾਬ ਚੁਕਤਾ ਕਰ ਗਿਆ...ਭਾਵੇਂ ਅੱਗੇ ਲਈ ਹੋਰ ਲੈ ਗਿਆ...ਪਰ ਪਹਿਲਾ ਹਿਸਾਬ ਤਾਂ ਮੁਕਾ ਗਿਆ।

ਇਲਮਦੀਨ : ਸ਼ਾਹ...ਬੰਦੇ ਤਾਂ ਅਸੀਂ ਵੀ ਮਾੜੇ ਨਹੀਂ...ਪਰ ਤੇੜ ਦਾ ਨੰਗ ਹੀ ਮਾਰੀ ਜਾਂਦਾ ਏ...ਨਹੀਂ ਤਾਂ ਤੂੰਹੀਓਂ ਦੱਸ ਪਿਉ ਦੇ ਹੁੰਦਿਆਂ ਕੌਣ ਹਰਾਮ ਦਾ ਅਖਵਾਉਂਦਾ ਏ ?

ਸ਼ਾਹ : ਚੱਲ ਹਿਸਾਬ ਦੀ ਗੱਲ ਛੱਡ...ਇਹ ਤਾਂ ਹੁੰਦੇ ਹੀ ਰਹਿਣਗੇ...(ਪਹਿਲਾਂ ਤੂਤਾਂ ਵੱਲ ਲਲਚਾਈ ਨਜ਼ਰ ਤੇ ਫਿਰ ਆਲੇ-ਦੁਆਲੇ ਭੇਤ ਭਰੀ ਨਜ਼ਰ ਨਾਲ ਵੇਖ ਕੇ) ਮੈਂ ਤਾਂ ਤੇਰੇ ਨਾਲ ਅੱਜ ਹੋਰ ਗੱਲ ਕਰਨ ਆਇਆ ਹਾਂ।

ਇਲਮਦੀਨ : ਤੂੰ ਸ਼ਾਹ ਹੁਕਮ ਕਰ।

ਸ਼ਾਹ : ਮੈਂ ਤਸੀਲੇ ਗਿਆ ਸਾਂ...ਉਥੋਂ ਪਤਾ ਲੱਗਾ ਏ ਕਿ ਹੁਣ ਆਪਣੇ ਪਿੰਡ ਨਵਾਂ ਨੰਬਰਦਾਰ ਬਣਨਾ ਏ।

ਇਲਮਦੀਨ : ਆਹੋ...ਸੁਣਿਆ ਤਾਂ ਮੈਂ ਵੀ ਏ।

ਸ਼ਾਹ : ਫੇਰ ਤੂੰ ਦਰਖਾਸਤ ਕਿਉਂ ਨਹੀਂ ਦਿੰਦਾ।

ਇਲਮਦੀਨ : ਮੈਂ ?

ਸ਼ਾਹ : ਹਾਂ...ਤਸੀਲੇ ਇਹ ਵੀ ਗੱਲ ਹੁੰਦੀ ਸੀ ਕਿ ਤਸੀਲਦਾਰ ਦੀ ਮਰਜ਼ੀ ਏ ਕਿ ਐਤਕੀਂ ਪੀਰੂਵਾਲ ਦਾ ਨੰਬਰਦਾਰ ਮੁਸਲਮਾਨ ਹੋਵੇ ਤੇ ਅਸੀਂ ਤਾਂ ਉਥੇ ਹੀ ਇਰਾਦਾ ਬਣਾ ਲਿਆ ਕਿ ਐਤਕੀਂ ਨੰਬਰਦਾਰ ਹੋਵੇਗਾ ਤਾਂ ਆਪਣਾ ਚੌਧਰੀ ਇਲਮਦੀਨ ਹੀ ਹੋਵੇਗਾ।

ਇਲਮਦੀਨ : ਪਰ ਧੰਨੇ ਸ਼ਾਹ...ਨੰਬਰਦਾਰੀ ਦੀ ਦਰਖ਼ਾਸਤ ਸੱਜਣ ਸਿਉਂ ਨੇ ਕੀਤੀ ਹੋਈ ਏ...ਮੈਂ ਉਹਦੇ 'ਤੇ ਚੜ੍ਹੋ ਖੱਤੀ ਨਹੀਂ ਕਰਨੀ।

ਸ਼ਾਹ : ਇਹ ਚੜ੍ਹੋ ਖੱਤੀ ਕਾਹਦੀ ਏ ? ਨੰਬਰਦਾਰੀ ਸੀ ਚੇਤ ਸਿਉਂ ਦੀ ਤੇ ਉਹ ਗਿਆ ਮਰ।

ਇਲਮਦੀਨ : ਪਰ ਉਹਦਾ ਹੱਕ ਤਾਂ ਸੱਜਣ ਸਿਉਂ ਨੂੰ ਹੀ ਪਹੁੰਚਦਾ ਏ ਨਾ ?

ਸ਼ਾਹ : ਲੈ...ਸੱਜਣ ਸਿਉਂ ਨੂੰ ਪਹੁੰਚਦਾ ਏਂ ਹੱਕ...ਕਿਤੇ ਪੰਜਵੀਂ-ਸੱਤਵੀਂ ਪੀੜ੍ਹੀਓਂ ਰਲਦੇ ਨੇ ਦੋਵੇਂ।

ਇਲਮਦੀਨ : ਭਾਵੇਂ ਕੁਝ ਵੀ ਹੋਵੇ...ਪਰ ਮੈਂ ਸੱਜਣ ਸਿਉਂ ਦੇ ਟਾਕਰੇ 'ਤੇ ਕਚਹਿਰੀ ਵਿਚ ਜਾ ਕੇ ਨਹੀਂ ਖਲੋਣਾ।

ਸ਼ਾਹ : ਤੂੰ ਵੀ ਨਿਰਾ ਬੁੱਧੂ ਈ ਰਿਹਾ ਨਾ...ਜਾਣਦਾ ਏਂ ਸਰਕਾਰ ਦੇ ਘਰ ਵਿਚ ਨੰਬਰਦਾਰੀ ਦੀ ਇੱਜ਼ਤ ਕਿੰਨੀ ਏ ਤੇ ਉਪਰੋਂ ਪੰਜੋਤਰਾ ਵੱਖਰਾ।

ਇਲਮਦੀਨ : ਫੇਰ ਮੈਂ ਸੱਜਣ ਸਿੰਘ ਨੂੰ ਪੁੱਛ ਲਵਾਂ...ਉਹ ਆਖੇਗਾ।

ਸ਼ਾਹ : ਬਸ ਫੇਰ ਸਲਾਹੀਂ ਗਈ ਤੇ ਗੱਲ ਗਈ...ਸੱਜਣ ਸਿੰਘ ਨੇ ਪੁੱਛਿਆ ਸੀ ਤੈਨੂੰ ਦਰਖ਼ਾਸਤ ਦੇਣ ਵੇਲੇ...ਮੈਂ ਖ਼ਬਰੇ ਤੇਰੇ ਵਾਸਤੇ ਕਿੰਨਾ ਟਿੱਲ ਲਾਈ ਲਾਈ ਬੈਠਾ ਹਾਂ ਤੇ ਤੂੰ ਬਹਿਕਲ ਢੱਗੇ ਆਂਗੂੰ ਲੱਤ ਈ ਨਹੀਂ ਲਾਉਂਦਾ।

ਇਲਮਦੀਨ : ਧੰਨੇਸ਼ਾਹ...ਗੱਲਾਂ ਤੇਰੀਆਂ ਸਾਰੀਆਂ ਸੱਚੀਆਂ ਨੇ...ਪਰ ਮਾਰੀ ਤਾਂ ਜਾਂਦਾ ਏ ਤੇੜ ਦਾ ਨੰਗ...ਜਾਂ ਤਾਂ ਮਾਰ ਹਿੱਕ 'ਤੇ ਹੱਥ...ਕੱਢ ਝਗੜੇ

ਵਾਸਤੇ ਹਜ਼ਾਰ ਦੋ ਹਜ਼ਾਰ।

ਸ਼ਾਹ : ਬਸ ਇਹੀ ਗੱਲ ਸੀ ? ਲੈ ਸ਼ਾਹੂਕਾਰ ਦਾ ਪੁੱਤ ਨਾ ਸਮਝੀਂ...ਜੇ ਰੁਪਏ ਖੁਣੋਂ ਮੁਕੱਦਮਾ ਹਾਰ ਜਾਏਂ ਤਾਂ...ਬਸ ਕੱਲ੍ਹ ਈ ਚਲਣੈ ਕਚਹਿਰੀ...ਮੈਂ ਤੇਰੇ ਨਾਲ ਆਪ ਚੱਲੂੰ।

ਇਲਮਦੀਨ : ਹਲਾ...ਫੇਰ ਮੈਂ ਨੱਕਾ ਮੋੜ ਆਵਾਂ...(ਜਾਂਦਾ ਹੈ)

ਸ਼ਾਹ : (ਪਿੱਛੋਂ ਆਪਣੇ ਆਪ ਨਾਲ) ਤੂੰ ਨੱਕਾ ਮੋੜ ਆ ਤੇ ਅਸੀਂ ਇਥੇ ਤੇਰੀ ਕਿਸਮਤ ਦਾ ਨੱਕਾ ਮੋੜ ਦਿੰਨੇ ਆਂ...ਸੱਜਣ ਸਿੰਘ ਨੂੰ ਤਾਂ ਵੱਸ ਕੀਤਾ ਸੀ ਕਰਜ਼ਾ ਦੇ ਕੇ ਤੇ ਇਹਨੂੰ ਹੱਥ ਵਿਚ ਕਰ ਲਿਆ ਨੰਬਰਦਾਰੀ ਦਾ ਝਾਂਸਾ ਦੇ ਕੇ...ਕਹਿੰਦੇ ਨੇ—ਜੇ ਬਗਲੇ ਨੂੰ ਵੱਸ ਕਰਨਾ ਹੋਵੇ ਤਾਂ ਉਹਦੇ ਸਿਰ ’ਤੇ ਮੋਮ ਰੱਖ ਦੇਵੋ। ਬਗਲਾ ਧੁੱਪ ਵਿਚ ਬੈਠੇਗਾ...ਮੋਮ ਪਿਘਲ ਕੇ ਉਹਦੀਆਂ ਅੱਖਾਂ ਵਿਚ ਆ ਜਾਵੇਗੀ। ਉਹਨੂੰ ਦਿਸਣੋਂ ਬੰਦ ਹੋ ਜਾਵੇਗਾ ਤੇ ਫਿਰ ਮਲਕੜੇ ਜਿਹੇ ਜਾ ਕੇ ਉਹਦੀ ਗਿੱਚੀ ਮਰੋੜ ਲਵੋ...ਇਹ ਦੋਵੇਂ ਬਗਲੇ ਆਪਣੇ ਗੂਠੇ ਥੱਲੇ...ਇਹ ਸਾਂਝਾ ਖੂਹ ਵੀ ਆਪਣਾ, ਤੂਤ ਵੀ ਆਪਣੇ ਤੇ ਛਾਂ ਵੀ ਆਪਣੀ...ਰਾਮ ਰਾਮ ! (ਵਹੀ ਵਗੈਰਾ ਸਾਂਭ ਕੇ ਤੁਰਨ ਲਈ ਤਿਆਰ ਹੁੰਦਾ ਹੈ ਤਾਂ ਦੂਜੇ ਪਾਸੇ ਤੋਂ ਅਮਲੀ ਆ ਕੇ ਨਿੱਛ ਮਾਰ ਦਿੰਦਾ ਹੈ।)

ਸ਼ਾਹ : ਫਿਟੇ ਮੂੰਹ ਤੇਰਾ...ਸ਼ਕਲ ਤਾਂ ਨਹੀਂ ਚੰਗੀ, ਕੰਮ ਤਾਂ ਚੰਗਾ ਕਰ ਲਿਆ ਕਰ...ਐਡੇ ਜ਼ਰੂਰੀ ਕੰਮ ਚੱਲਿਆ ਸੀ, ਆ ਕੇ ਨਿੱਛ ਮਾਰ ਦਿੱਤੀ।

ਅਮਲੀ : ਨਾ ਸ਼ਾਹ...ਕਿਹੜੇ ਜ਼ਰੂਰੀ ਕੰਮ ਚੱਲਿਆ ਸੀ ?

ਸ਼ਾਹ : ਚੌਂਕੀਦਾਰ ਦਾ ਸੁਨੇਹਾ ਆਇਆ ਸੀ...ਅੱਜ ਅਗਲੇ ਪਿੰਡ ਤਹਿਸੀਲਦਾਰ ਆਇਆ ਏ।

ਅਮਲੀ : ਨਾ...ਤੂੰ ਤਹਿਸੀਲਦਾਰ ਨੂੰ ਦੁੱਧ ਚੁੰਘਾਉਣੈਂ...ਬਹਿ ਜਾਹ ਦੋ ਘੜੀਆਂ ਸਾਡੇ ਕੋਲ।

ਸ਼ਾਹ : ਮੇਰੇ ਕੋਲ ਬਹਿਣ ਦੀ ਵਿਹਲ ਕਿਥੇ ?

ਅਮਲੀ : ਆਹੋ ਵਿਹਲ ਕਿਥੇ ? ਅੱਗ ਲਾਈ ਤੇ ਡੱਬੂ ਕੰਧ ’ਤੇ।

ਸ਼ਾਹ : ਨਾ...ਮੈਂ ਕੀ ਕੀਤਾ ਏ...ਐਵੇਂ ਅਵਾ-ਤਵਾ ਬੋਲਦਾ ਏਂ ?

ਅਮਲੀ : ਨਾ ਹਾਲੇ ਕੁਝ ਨਹੀਂ ਕੀਤਾ...ਪਹਿਲੇ ਸੱਜਣ ਸਿੰਘ ਨੂੰ ਏਨਾ ਕਰਜ਼ਾ ਚੁਕਾ ਦਿੱਤਾ ਤੇ ਹੁਣ ਇਲਮਦੀਨ ਨੂੰ ਵੀ ਪੱਟਦਾ ਪਿਆ ਏਂ...? ਤੈਨੂੰ ਭਾਈ ਭਾਈ ’ਕੱਠੇ ਬੈਠੇ ਚੰਗੇ ਨਹੀਂ ਲੱਗਦੇ ?

ਸ਼ਾਹ : ਬਹਿਣ...ਬਈ ਬਹਿਣ...ਜੰਮ ਜੰਮ ਬਹਿਣ।

ਅਮਲੀ : ਨਾ ਬਹਿਣ ਕਿੱਦਾਂ ? ਜੇ ਤੇਰੇ ਵਰਗੇ ਦੋਸਤੀ ਦੀਆਂ ਜੜ੍ਹਾਂ ਕੱਟਦੇ ਜਾਣ।

*(ਸ਼ਾਹ ਜਵਾਬ ਦਿੱਤੇ ਬ਼ਗੈਰ ਚਲਾ ਜਾਂਦਾ ਹੈ...ਅਮਲੀ ਪਹਿਲਾਂ ਜੇਬ ਵਿਚੋਂ ਤਾਸ਼ ਕੱਢਦਾ ਹੈ ਤੇ ਫਿਰ ਫੈਂਟਦਿਆਂ ਫੈਂਟਦਿਆਂ ਆਪਣੇ ਆਪ ਨਾਲ ਗੱਲ ਕਰਦਾ ਹੈ)*

ਅਮਲੀ : ਲੈ ਅਮਲੀਆ...ਤੇਰੇ ਵਰਗੇ ਤਾਸ਼ ਹੀ ਫੈਂਟਦੇ ਰਹਿੰਦੇ ਨੇ ਤੇ ਪੱਤਾ ਸੁੱਟਣ ਵਾਲੇ ਆਪਣਾ ਪੱਤਾ ਸੁੱਟ ਜਾਂਦੇ ਨੇ।

*(ਤੇ ਤਾਂਸ਼ ਫੈਂਟਦਿਆਂ ਹੀ ਫੇਡ ਆਊਟ ਹੁੰਦਾ ਹੈ ਤੇ ਫਿਰ ਤਾਸ਼ ਫੈਂਟਦਿਆਂ ਹੀ ਦੁਬਾਰਾ ਰੌਸ਼ਨੀ ਹੁੰਦੀ ਹੈ, ਸੱਜਣ ਆਉਂਦਾ ਹੈ।)*

ਸੱਜਣ : ਓਏ ਅਮਲੀਆ...ਤਾਸ਼ ਪਿਆ ਫੈਂਟਦਾ ਏਂ ?

ਅਮਲੀ : ਫੈਂਟਦਾ ਪਿਆ ਹਾਂ...ਪਰ ਤੂੰ ਨਾ ਆ ਤੂਤ ਦੀ ਛਾਵੇਂ...ਉਥੇ ਧੁੱਪੇ ਹੀ ਖਲੌਤਾ ਰਹੁ।

ਸੱਜਣ : ਨਾ ਕਿਹੋ ਜਿਹੀਆਂ ਅਵੱਲੀਆਂ ਗੱਲਾਂ ਕਰਦਾ ਏਂ ਅਮਲੀਆ ?

ਅਮਲੀ : ਨਾ ਮੈਂ ਅਵੱਲੀਆਂ ਕਰਦਾਂ...ਤੁਹਾਨੂੰ ਕਿਸ ਭੜੂਏ ਨੇ ਆਖਿਆ ਸੀ ਕਿ ਦੋਨੋਂ ਆਪਸ ਵਿਚ ਸਿੰਗ ਫਸਾਉ ਤੇ ਤੂਤਾ ਦੀਆਂ ਰੌਣਕਾਂ ਨੂੰ ਬੱਜ ਲਾਉ।

ਸੱਜਣ : ਲੈ ਤੂੰ ਉਹ ਨੰਬਰਦਾਰੀ ਦੀ ਗੱਲ ਕਰਦੈਂ...ਉਹ ਤਾਂ ਗੱਲ ਬੜੀ ਮਾਮੂਲੀ ਏ।

ਅਮਲੀ : ਗੱਲ ਮਾਮੂਲੀ ਏ ਤਾਂ ਦੋਨੋਂ 'ਕੱਠੇ ਆਉਣੋਂ ਕਾਹਨੂੰ ਰੁਕ ਗਏ ?

ਸੱਜਣ : ਧਰਮ ਨਾਲ...ਮੈਂ ਤਾਂ ਇਲਮਦੀਨ ਨਾਲ ਦਿਲੋਂ ਉੱਕਾ ਨਾਰਾਜ਼ ਨਹੀਂ ਹਾਂ...ਏਨਾ ਗਿਲਾ ਜ਼ਰੂਰ ਏ ਪਈ ਜੇ ਉਹਨੇ ਦਰਖ਼ਾਸਤ ਕਰਨੀ ਸੀ ਤਾਂ ਮੇਰੇ ਨਾਲ ਸਲਾਹ ਕਰ ਲੈਂਦਾ...ਮੈਂ ਕੀ ਲੈਣਾ ਸੀ ਨੰਬਰਦਾਰੀ 'ਚੋਂ।

ਅਮਲੀ : ਸਵਾਹ ਤੇ ਖੇਹ...ਜਿਹੜੀ ਤੁਹਾਡੇ ਦੋਹਾਂ ਦੇ ਸਿਰ 'ਤੇ ਪੈਂਦੀ ਪਈ ਏ।

ਸੱਜਣ : ਹੁਣ ਵੀ ਉਹ ਇਕ ਵਾਰ ਅੱਧੀ ਜ਼ਬਾਨ ਨਾਲ ਕਹਿ ਦੇਵੇ...ਮੈਂ ਦਰਖ਼ਾਸਤ ਵਾਪਸ ਲੈ ਲਵਾਂਗਾ।

ਅਮਲੀ : ਨਾ...ਜੇ ਉਹ ਨਹੀਂ ਕਹਿੰਦਾ ਤਾਂ ਤੂੰ ਲੈ-ਲੈ...ਦੋਵੇਂ ਜੁ ਮੁਕੱਦਮਾ ਲੜ-ਲੜ ਵਕੀਲਾਂ ਦੇ ਘਰ ਭਰਦੇ ਹੋ।

*(ਏਨੇ ਚਿਰ ਵਿਚ ਪਿੱਛੋਂ ਆਵਾਜ਼ ਆਉਂਦੀ ਹੈ—ਗਾਜ਼ੀਉ, ਪੀਰੂ ਵਾਲਾ ਮੁਸਲਮ ਅਕਸਰੀਅਤ ਦਾ ਗਾਉਂ ਹੈ। ਇਸ ਲੀਏ ਇਸ ਕਾ ਨੰਬਰਦਾਰ ਵੀ ਮੁਸਲਮਾਨ ਹੋਨਾ ਚਾਹੀਏ।)*

ਅਮਲੀ : ਕਿਉਂ ਸੱਜਣਾ, ਇਹ ਆਪਣੇ ਇਲਮੇਂ ਦੀ ਆਵਾਜ਼ ਨਹੀਂ ?

ਸੱਜਣ : ਉਸੇ ਦੀ ਏ...ਮੌਲਵੀ ਫ਼ਜ਼ਲ ਦੀਨ ਤੇ ਸ਼ਾਹ ਗਾਜ਼ੀ ਮਸੀਤੇ 'ਕੱਠੇ ਹੋਏ ਨੇ ਧੂਤੂ ਲਾ ਕੇ।

*(ਪਿੱਛੋਂ ਆਵਾਜ਼—ਅਗਰ ਹਮੇਂ ਹਮਾਰਾ ਹੱਕ ਨਾ ਮਿਲਾ ਤਾਂ ਹਮ ਹਿੰਦੁਸਤਾਨ ਕੇ ਨੌਂ ਕਰੋੜ ਮੁਸਲਮਾਨ ਇਸ ਕੇ ਖ਼ਿਲਾਫ਼ ਐਜੀਟੇਸ਼ਨ ਕਰੇਂਗੇ।)*

ਅਮਲੀ : ਵੱਡੇ ਐਜੀਟੇਸ਼ਨ ਕਰੇਂਗੇ...ਇਕੱਠੇ ਹੀ ਨੌਂ ਕਰੋੜ ਲੈ ਤੂੰ ਕਹਿੰਦਾ ਸੀ ਗੱਲ ਮਾਮੂਲੀ ਏ...ਅਗਲੇ ਮਾਮੂਲੀ ਰਹਿਣ ਦਿੰਦੇ ਨੇ ?

ਸੱਜਣ : (ਜੋਸ਼ ਨਾਲ) ਅਮਲੀਆ, ਜੇ ਉਹ ਇਕੱਠੇ ਹੀ ਨੌਂ ਕਰੋੜ ਨੇ...ਅਸੀਂ ਕੋਈ ਚੂੜੀਆਂ ਨਹੀਂ ਪਾਈਆਂ ਹੋਈਆਂ...ਅਸੀਂ ਇਨ੍ਹਾਂ ਨੂੰ ਦੱਸ ਦਿਆਂਗੇ ਕਿ ਸਿੱਖ ਕੌਮ ਕੀ ਹੁੰਦੀ ਏ।

ਅਮਲੀ : ਆਹੋ...ਵੱਡਾ ਆ ਗਿਆ ਬੰਦੇ ਬਹਾਦਰ ਦੀ ਔਲਾਦ।

ਸੱਜਣ : ਅੱਜ ਅਸੀਂ ਵੀ ਇਕੱਠ ਰੱਖਿਆ ਏ...ਜਥੇਦਾਰ ਸੁੰਦਰ ਸਿੰਘ ਤੇ ਉਹਦੀਆਂ ਫ਼ੌਜਾਂ ਆਈਆਂ ਨੇ ਤੂੰ ਵੀ ਆਵੀਂ ਉਥੇ।

ਅਮਲੀ : ਨਾ ਮੈਂ ਨਹੀਂ ਆਉਂਦਾ ਭਰਾਵਾ...ਐਵੇਂ ਕਿਧਰੇ ਫ਼ੌਜਾਂ ਹੇਠ ਆ ਕੇ ਮਿੱਧਿਆ ਜਾਊਂ।

*(ਸੱਜਣ ਸਿੰਘ ਜਾਂਦਾ ਹੈ। ਉਹਨੂੰ ਜਾਂਦਾ ਵੇਖ ਕੇ ਅਮਲੀ ਆਪਣੇ ਆਪ ਵਿਚ ਕਹਿੰਦਾ ਹੈ।)*

ਅਮਲੀ : ਓਏ ਮੇਰੀ ਧਰਤੀ ਦੇ ਇਲਮਿਉ...ਓਏ ਮੇਰੀ ਧਰਤੀ ਦੇ ਸੱਜਣੋਂ ਤੁਹਾਨੂੰ ਅਕਲ ਕਦੋਂ ਆਵੇਗੀ ?

(ਫੇਡ ਆਊਟ। ਲਾਈਟ ਹੋਣ 'ਤੇ ਅਮਲੀ ਇਕੱਲਾ ਉਦਾਸ ਬੈਠਾ ਹੈ। ਬਾਬਾ ਗੱਠੜੀ ਚੁੱਕ ਕੇ ਆਉਂਦਾ ਹੈ। ਉਹ ਵੀ ਉਦਾਸ ਆਲੇ-ਦੁਆਲੇ ਨੂੰ ਨੋਟ ਕਰਦਾ ਹੈ।)

ਬਾਬਾ : ਕਿਉਂ ਆਲ੍ਹਾ ਸਿਆਂ 'ਕੱਲਾ ਬੈਠਾ ਏਂ...ਤੇਰੇ ਯਾਰ ਬੇਲੀ ਕਿਥੇ ਗਏ ?

ਅਮਲੀ : (ਉੱਠ ਕੇ) ਪੈਰੀਂ ਪੈਨਾ ਹਾਂ ਬਾਬਾ ਜੀ...ਬੇਲੀਆਂ ਦੀ ਕੀ ਕਹਿੰਦੇ ਹੋ...ਸਭ ਕੁਝ ਉੱਜੜ ਗਿਆ।

ਬਾਬਾ : ਮੈਨੂੰ ਜੇਲ੍ਹ ਵਿਚ ਨਾਲ ਦੇ ਇਕ ਪਿੰਡ ਦੇ ਹਵਾਲਾਤੀ ਨੇ ਦੱਸਿਆ ਸੀ ਕਿ ਸੱਜਣ ਤੇ ਇਲਮਾ ਆਪਸ ਵਿਚ ਲੜ ਪਏ ਨੇ...ਕੀ ਇਹ ਗੱਲ ਸੱਚੀ ਏ ?

ਅਮਲੀ : ਸੱਚੀ ਬਾਬਾ ਜੀ...ਸੋਲਾਂ ਆਨੇ ਸੱਚੀ।

ਬਾਬਾ : ਨਹੀਂ ਨਾ ਆਈ ਰਾਸ ਉਨ੍ਹਾਂ ਨੂੰ...ਇਹ ਤੂਤਾਂ ਦੀ ਛਾਂ...ਹਲਾ ਸਮਝਾਵਾਂਗਾ ਉਨ੍ਹਾਂ ਨੂੰ...ਆਉਂਦੇ ਨੇ ਕਦੀ ਏਧਰ ?

ਅਮਲੀ : ਏਥੇ ਹੀ ਆਲੇ-ਦੁਆਲੇ ਘੁੰਮਦੇ ਨੇ...ਹੋਰ ਕਿਧਰੇ ਉਨ੍ਹਾਂ ਦਾ ਜੀਅ

ਲੱਗਦੈ ? ਇਕ ਤਾਂ ਔਹ ਵੇਖੋ ਆਉਂਦਾ ਗਾਜ਼ੀ...ਹੱਥ ਵਿਚ ਕੁਹਾੜੀ ਚੁੱਕੀ।

*(ਇਲਮਦੀਨ ਆਉਂਦਾ ਹੈ।)*

ਇਲਮਦੀਨ : ਪੈਰੀ ਪੈਨਾ ਹਾਂ ਬਾਬਾ ਜੀ।

ਬਾਬਾ : ਜੀਂਦਾ ਰਹੁ ਪੱਤਰਾ...ਅੱਜ ਕਿਰਤ ਦੇ ਹਥਿਆਰਾਂ ਦੀ ਥਾਂ ਇਹ ਕੁਹਾੜੀ ਕਿਉਂ ਚੁੱਕੀ ਹੋਈ ਏ ?

ਇਲਮਦੀਨ : ਬਾਬਾ ਜੀ...ਦੁਸ਼ਮਣ ਦਾ ਕੀ ਇਤਬਾਰ...ਕਦੋਂ ਵਾਰ ਕਰ ਜਾਏ।

ਬਾਬਾ : ਪੁੱਤਰਾ...ਇਸੇ ਪਿੰਡ ਨੰਗਾ-ਧੜੰਗਾ ਖੇਡਦਾ ਵੱਡਾ ਹੋਇਆ ਏ...ਹੁਣ ਇਥੇ ਤੇਰੇ ਦੁਸ਼ਮਣ ਪੈਦਾ ਹੋ ਗਏ ਨੇ ?

ਇਲਮਦੀਨ : ਬਾਬਾ ਜੀ ਇਹੋ ਤਾਂ ਮੇਰੀ ਗ਼ਲਤੀ ਏ ਕਿ ਮੈਂ ਦੁਸ਼ਮਣ ਨੂੰ ਸੱਜਣ ਸਮਝਦਾ ਰਿਹਾ ਹਾਂ।

ਅਮਲੀ : ਇਹ ਨਹੀਂ ਬਾਬਾ ਜੀ...ਇਹਦੇ ਵਿਚ ਮੌਲਵੀ ਫ਼ਜ਼ਲਦੀਨ ਬੋਲਦਾ ਏ।

ਬਾਬਾ : ਓਏ ਗੱਲ ਵਿਚੋਂ ਨੰਬਰਦਾਰੀ ਦੀ ਏ ਨਾ...ਮੈਂ ਸੱਜਣ ਨੂੰ ਕਹਾਂਗਾ ਕਿ ਉਹ ਦਰਖਾਸਤ ਵਾਪਸ ਲੈ ਲਵੇ...ਉਹ ਮੇਰੀ ਗੱਲ ਨਹੀਂ ਮੋੜਨ ਲੱਗਾ।

*(ਸੱਜਣ ਨੰਗੀ ਕਿਰਪਾਨ ਚੁੱਕ ਕੇ ਆਉਂਦਾ ਹੈ।)*

ਸੱਜਣ : ਨਹੀਂ ਬਾਬਾ ਜੀ...ਹੁਣ ਇਹ ਨਹੀਂ ਹੋ ਸਕਦਾ...ਇਹ ਪੰਥ ਦੇ ਵਕਾਰ ਦੀ ਗੱਲ ਏ।

ਬਾਬਾ : ਓਏ ਇਹ ਕੀ ਬੋਲਦੈਂ ?

ਅਮਲੀ : ਬਾਬਾ ਜੀ...ਇਹ ਨਹੀਂ ਬੋਲਦਾ, ਇਹਦੇ ਵਿਚ ਜਥੇਦਾਰ ਸੁੰਦਰ ਸਿੰਘ ਬੋਲਦਾ ਏ।

ਬਾਬਾ : ਓਏ ਤੁਸੀਂ ਇਲਮੇਂ ਤੇ ਸੱਜਣ ਤੋਂ ਦੀਨ ਤੇ ਪੰਥ ਕਦੋਂ ਦੇ ਬਣ ਗਏ ?

ਇਲਮਦੀਨ : ਨਾ ਬਾਬਾ ਜੀ...ਇਹਨੂੰ ਸੋਂਹਦਾ ਸੀ ਕਿ ਈਦ ਵਾਲੇ ਦਿਨ ਸੂਰ ਮਾਰ ਕੇ ਮਸੀਤ ਅੱਗੇ ਸੁੱਟਦਾ ?

ਬਾਬਾ : ਓਏ ਇਹ ਤੈਨੂੰ ਕੀਹਨੇ ਕਿਹਾ ਏ ?

ਅਮਲੀ : ਮੌਲਵੀ ਫ਼ਜ਼ਲਦੀਨ ਏ...ਹੋਰ ਕਿਸ ਨੇ ਕਿਹਾ ਏ ?

ਸੱਜਣ : ਨਾ ਬਾਬਾ ਜੀ...ਇਹਨੂੰ ਸੋਂਹਦਾ ਸੀ ਕਿ ਗੁਰਪੁਰਬ ਵਾਲੇ ਦਿਨ ਗਊ ਮਾਰ ਕੇ ਪੂਛ ਗੁਰਦੁਆਰੇ ਅੱਗੇ ਸੁੱਟਦਾ ?

ਬਾਬਾ : ਇਹ ਤੈਨੂੰ ਕੀਹਨੂੰ ਦੱਸਿਆ ਏ ?

ਅਮਲੀ : ਜਥੇਦਾਰ ਸੁੰਦਰ ਸਿੰਘ ਨੇ...ਹੋਰ ਕਿਸ ਨੇ ?

ਇਲਮੀਦਨ : ਬਾਬਾ ਜੀ...ਮੈਂ ਏਨਾ ਕਮੀਨਾ ਨਹੀਂ ਕਿ ਗੁਰਪੁਰਬ ਵਾਲੇ ਦਿਨ ਇਹੋ ਜਿਹੀ ਹਰਕਤ ਕਰਾਂ।

ਸੱਜਣ : ਤੇ ਬਾਬਾ ਜੀ...ਮੈਂ ਵੀ ਏਨਾ ਕਮੀਨਾ ਨਹੀਂ ਕਿ ਈਦ ਵਾਲੇ ਦਿਨ ਸੂਰ ਮਾਰ ਕੇ ਮਸੀਤ ਅੱਗੇ ਸੁੱਟਾਂ।

ਬਾਬਾ : ਮੈਨੂੰ ਪਤਾ ਏ ਪੁੱਤਰੋ...ਸੱਜਣਾ, ਨਾ ਇਲਮਦੀਨ ਏਨਾ ਕਮੀਨਾ ਏ ਕਿ ਗੁਰਪੁਰਬ ਵਾਲੇ ਦਿਨ ਗਾਂ ਮਾਰੇ...ਤੇ ਇਲਮੀਦਨਾਂ...ਨਾ ਸੱਜਣ ਹੀ ਏਨਾ ਕਮੀਨਾ ਏ ਕਿ ਈਦ ਵਾਲੇ ਦਿਨ ਸੂਰ ਮਾਰੇ...ਇਹ ਤੁਹਾਡੇ ਸਾਂਝੇ ਦੁਸ਼ਮਣ ਦੀ ਚਾਲ ਏ...ਜਿਹੜਾ ਭਰਾ-ਭਰਾ ਨੂੰ ਲੜਾ ਕੇ ਖ਼ੁਸ਼ ਏ...(ਦੋਨਾਂ ਦੇ ਹੱਥਾਂ ਵਿਚੋਂ ਹਥਿਆਰ ਪਕੜ ਕੇ) ਪੁੱਤਰੋ, ਇਨ੍ਹਾਂ ਹਥਿਆਰਾਂ ਨਾਲ ਤਾਂ ਤਕਦੀਰਾਂ ਬਦਲੀ ਦੀਆਂ ਨੇ ਤੇ ਤੁਸੀਂ ਹੋ ਕੇ ਇਨ੍ਹਾਂ ਨੂੰ ਇਕ ਦੂਜੇ ਨੂੰ ਮਾਰਨ ਲਈ ਚੁੱਕ ਰਹੇ ਹੋ...ਪੁੱਤਰੋ...ਜੇ ਹਥਿਆਰ ਚੁੱਕਣੇ ਵੀ ਨੇ ਤਾਂ ਪਹਿਲਾਂ ਦੁਸ਼ਮਣ ਦੀ ਪਛਾਣ ਸਿੱਖੋ...(ਅਮਲੀ ਨੂੰ) ਕਿਉਂ ਆਲ੍ਹਾ ਸਿੰਘ...ਤੇਰੇ ਕੋਲ ਤਾਸ਼ ਹੈ ?

ਅਮਲੀ : ਲਉ ਬਾਬਾ ਜੀ, ਸਾਡੇ ਕੋਲ ਤਾਸ਼ ਨਾ ਹੋਏਗੀ ਤਾਂ ਕੀ ਹੋਵੇਗਾ।

ਬਾਬਾ : (ਤਾਸ਼ ਲੈਂਦਾ ਹੋਇਆ) ਆਓ ਪੁੱਤਰੋ...ਤੁਹਾਨੂੰ ਅੱਜ ਜ਼ਿੰਦਗੀ ਦੀ ਤਾਸ਼ ਖੇਡਣੀ ਸਿਖਾਵਾਂ।

ਅਮਲੀ : ਸਿਖਾਓ ਬਾਬਾ ਜੀ...ਇਨ੍ਹਾਂ ਨੂੰ ਸਿਖਾਓ।

ਬਾਬਾ : (ਤਾਸ਼ ਵਿਚੋਂ ਦੁੱਕੀ ਕੱਢ ਕੇ) ਇਹ ਕੀ ਏ ?

ਦੋਨੋਂ : ਦੁੱਕੀ।

ਬਾਬਾ : (ਤਿੱਕੀ ਕੱਢਦੇ ਹੋਏ) ਦੁੱਕੀ ਨੂੰ ਮਾਰ ਕਰਦੀ ਏ ਤਿੱਕੀ...ਤੇ ਤਿੱਕੀ ਨੂੰ ਮਾਰ ਕਰਦੀ ਏ ਚੌਕੀ...(ਇਹ ਪੱਤੇ ਕੱਢਦਾ ਜਾਂਦਾ ਹੈ ਤੇ ਦਰਸ਼ਕਾਂ ਨੂੰ ਦਿਖਾਉਂਦਾ ਜਾਂਦਾ ਹੈ) ਚੌਕੀ ਨੂੰ ਪੰਜੀ...ਪੰਜੀ ਨੂੰ ਛਿੱਕੀ...ਇਸ ਤਰ੍ਹਾਂ ਹਰ ਨਿੱਕੇ ਨੂੰ ਵੱਡਾ ਕਾਟ ਕਰਦਾ ਏ...(ਦਹਿਲਾ ਕੱਢਦੇ ਹੋਏ) ਇਹ ਹੈ ਦਹਿਲਾ-ਦਸ ਟਿਮਕਣਿਆਂ ਵਾਲਾ...ਪਰ ਇਹ ਮਾਰ ਖਾਂਦਾ ਏ ਗੋਲੇ ਕੋਲੋਂ ਜੋ ਅੱਗੇ ਬੇਗ਼ਮ ਦਾ ਗ਼ੁਲਾਮ ਏ...ਤੇ ਬੇਗ਼ਮ ਦਾ ਜ਼ੋਰ ਇਸ ਲਈ ਹੈ ਕਿ ਉਸਦੇ ਪਿੱਛੇ ਬੈਠਾ ਏ ਬਾਦਸ਼ਾਹ...ਪਰ (ਯੱਕਾ ਕੱਢਦੇ ਹੋਏ) ਇਹ ਦੇਖਿਆ ਜੇ ਕੀ ਏ ?

ਸੱਜਣ : ਯੱਕਾ।

ਬਾਬਾ : ਤੂੰ ਦੱਸ ਇਲਮਦੀਨਾ ?

ਇਲਮਦੀਨ : ਯੱਕਾ।

ਬਾਬਾ : ਯੱਕੇ ਦਾ ਮਤਲਬ ਦੇ ਇੱਕਾ, ਇੱਕੇ ਦਾ ਮਤਲਬ ਏ 'ਏਕਾ' ਤੇ ਜੇ ਇਹ ਕੋਲ ਹੋਵੇ ਤਾਂ ਬੇਗ਼ਮਾਂ ਬਾਦਸ਼ਾਹ ਦੀ ਬਾਜ਼ੀ ਵੀ ਮਾਤ ਪੈਂਦ

ਜਾਂਦੀ ਏ ਇਹ ਜ਼ਿੰਦਗੀ ਵੀ ਤਾਸ਼ ਵਾਂਗ ਏ...ਤੁਸੀਂ ਰੋਜ਼ ਤਾਸ਼ ਖੇਡਦੇ ਹੋ...ਪਰ ਹਾਲੇ ਤੱਕ ਏਕੇ ਦਾ ਮਤਲਬ ਨਹੀਂ ਸਮਝ ਸਕੇ।

*(ਇਲਮਦੀਨ ਤੇ ਸੱਜਣ ਸਿਰ ਸੁੱਟ ਕੇ ਖਲੋ ਜਾਂਦੇ ਹਨ, ਬਾਬਾ ਉਨ੍ਹਾਂ ਦੇ ਹਥਿਆਰ ਵਾਪਸ ਫੜਾ ਦਿੰਦਾ ਹੈ।)*

ਬਾਬਾ : ਜਾਓ ਪੁੱਤਰੋ...ਤੇ ਸਾਰੀ ਗੱਲ ਸੋਚੋ।

ਅਮਲੀ : ਆਹੋ ਜਾਓ...ਘਰ ਜਾ ਕੇ ਹੱਥ ਮੂੰਹ ਧੋਵੋ...ਆ ਗਏ ਵੱਡੇ ਪੰਥੀ ਤੇ ਗਾਜ਼ੀ ਨਲੀ-ਚੋਚੋ ਜਿਹੇ।

*(ਦੋਨੋਂ ਜਾਂਦੇ ਹਨ।)*

ਅਮਲੀ : ਬਾਬਾ ਜੀ...ਜੇ ਤੁਸੀਂ ਨਾ ਸਮਝਾਉਂਦੇ ਤਾਂ ਪਤਾ ਨਹੀਂ ਇਹ ਹੋਰ ਕਿੰਨਾ ਉੱਜੜਦੇ...ਇਹ ਵੀ ਉੱਜੜਦੇ ਤੇ ਇਹ ਤੂਤ ਵੀ ਉੱਜੜਦੇ।

ਬਾਬਾ : ਆਲ੍ਹਾ ਸਿਆਂ...ਇਨ੍ਹਾਂ ਨੂੰ ਤਾਂ ਮੈਂ ਸਮਝਾ ਲਿਆ—ਮੇਰੇ ਹੱਥੀਂ ਪਲੇ ਸਨ...ਮੇਰੀ ਗੱਲ ਮੰਨ ਗਏ...ਪਰ ਦੇਸ਼ ਵਿਚ ਜੋ ਤੱਤੀ ਵਾਅ ਚੱਲ ਰਹੀ ਏ...ਉਹਦੇ ਤੋਂ ਇਹ ਤੂਤ ਕਿਵੇਂ ਬਚ ਸਕਣਗੇ ? ਇਹ ਛਾਵਾਂ ਕਿੱਦਾਂ ਬਚਣਗੀਆਂ ?

*(ਹੌਲੇ-ਹੌਲੇ ਫੇਡ ਆਊਟ। ਫਿਰ ਰੌਸ਼ਨੀ ਪੈਣ 'ਤੇ ਅਮਲੀ ਦਰਮਿਆਨ ਬੈਠਾ ਹੈ।)*

ਅਮਲੀ : (ਜ਼ਮੀਨ 'ਤੇ ਲੀਕ ਮਾਰ ਕੇ) ਅਮਲੀਆ...ਇਹ ਤਾਂ ਬਣ ਗਿਆ ਹਿੰਦੋਸਤਾਨ ਤੇ ਇਹ ਬਣ ਗਿਆ ਪਾਕਿਸਤਾਨ...ਤੂੰ ਦੱਸ ਕਿਥੇ ਜਾਵੇਂਗਾ ਅਮਲੀਆ ?

*(ਸ਼ਾਹ ਅਤੇ ਸ਼ਾਹਣੀ ਪਾਕਿਸਤਾਨ ਵਾਲੇ ਪਾਸੇ ਤੋਂ ਹਿੰਦੋਸਤਾਨ ਵਾਲੇ ਪਾਸੇ ਨੱਸੇ ਜਾਂਦੇ ਹਨ।)*

ਅਮਲੀ : ਓਏ ਸ਼ਾਹ ਕਿੱਧਰ ਨੱਸਿਆ ਜਾਂਦਾ ਏ ?

ਸ਼ਾਹ : ਉਏ ਅਮਲੀਆ...ਮੈਂ ਲੁੱਟਿਆ ਗਿਆ...ਮੈਂ ਤਬਾਹ ਹੋ ਗਿਆ, ਮੈਨੂੰ ਕੀ ਪਤਾ ਸੀ ਕਿ ਕੀ ਵਰਤੇਗਾ ?

ਅਮਲੀ : ਕੀ ਵਰਤੇਗਾ ? ਕੜਾਹ...ਭਾਣਾ ਹੀ ਵਰਤਣਾ ਸੀ...ਨੱਸ ਜਾਹ, ਗਾਜ਼ੀ ਪਏ ਆਉਂਦੇ ਨੇ...(ਫਿਰ ਆਪਣੇ ਆਪ ਨਾਲ) ਚੱਲ ਅਮਲੀਆ, ਹੁਣ ਇਹ ਤੂਤ ਤੇਰੇ ਨਹੀਂ।

*(ਬੜੇ ਅਰਮਾਨ ਨਾਲ ਵੇਖਦੇ ਹੋਏ ਬਾਹਰ ਜਾਂਦਾ ਹੈ। ਦੂਜੇ ਪਾਸੇ ਤੋਂ ਇਲਮਦੀਨ ਤੇ ਸੱਜਣ ਆਉਂਦੇ ਹਨ। ਸਟੇਜ ਦੇ ਇਕ ਸਿਰੇ ਤੋਂ ਦੂਜੇ ਸਿਰੇ ਜਾਂਦੇ ਹਨ।)*

ਸੱਜਣ : ਅੱਛਾ ਤੁਸੀਂ ਹੁਣ ਜਾਓ।

ਇਲਮਦੀਨ : ਸੱਜਣਾ, ਕੀ ਬਣ ਗਿਆ ਓਏ...ਆਪਾਂ ਜਿਉਂਦੇ ਹੀ ਵਿਛੜ ਗਏ... ਮਾਰ ਲਿਆ ਸਾਨੂੰ ਇਨ੍ਹਾਂ ਲੀਡਰਾਂ ਨੇ।

ਸੱਜਣ : ਹੌਂਸਲਾ ਕਰ ਇਲਮਦੀਨਾ...ਆਪਣੇ ਕੁਝ ਵੱਸ ਏ ?

ਇਲਮਦੀਨ : ਇਲਮਾਂ ਆਖ ਓਏ ਪਾਪੀਆ...ਇਲਮਦੀਨ ਤਾਂ ਤੁਹਾਡੇ ਨਾਲ ਬੇਵਫ਼ਾਈ ਕਰ ਗਿਆ ਸੀ...ਉਹਦਾ ਨਾਂ ਨਾ ਲੈ।

*(ਘੁੱਟ ਕੇ ਜੱਫੀ ਵਿਚ ਮਿਲਦੇ ਹਨ, ਬਾਬਾ ਆਉਂਦਾ ਹੈ।)*

ਬਾਬਾ : ਰੋਵੋ ਨਾ ਪੁੱਤਰੋ...ਕੀ ਹੋਇਆ, ਜੇ ਇਹ ਤੂਤ ਅੱਜ ਵੰਡੇ ਗਏ ਨੇ... ਪਰ ਇਹ ਬਾਬੇ ਨਾਨਕ ਦੀ ਧਰਤੀ ਏ...ਵਾਰਸ ਦੀ ਧਰਤੀ ਏ...ਇਹ ਤੂਤ ਸਦਾ ਹਰੇ ਰਹਿਣਗੇ ਤੇ ਇਨ੍ਹਾਂ ਦੀਆਂ ਠੰਡੀਆਂ ਹਵਾਵਾਂ ਸਾਨੂੰ ਠੰਡ ਪਾਉਂਦੀਆਂ ਰਹਿਣਗੀਆਂ।

*(ਹੌਲੀ-ਹੌਲੀ ਫੇਡ ਆਊਟ ਹੁੰਦਾ ਹੈ। ਬਾਬਾ, ਸੱਜਣ ਇਕ ਪਾਸੇ ਅਤੇ ਇਲਮਦੀਨ ਦੂਜੇ ਪਾਸੇ ਜਾਂਦੇ ਹਨ। ਇਸ ਦੌਰਾਨ ਪਰਦੇ ਦੇ ਪਿੱਛੇ ਹੀਰ-ਵਾਰਿਸ ਵਿਚੋਂ ਇਹ ਲਾਈਨਾਂ ਬੋਲੀਆਂ ਜਾਂਦੀਆਂ ਹਨ—)*

ਤੇਰੇ ਛਤਰ ਛਾਇਆ ਹੇਠ ਬਾਬਲਾ ਵੇ
ਅਸੀਂ ਵਾਂਗ ਮੁਸਾਫ਼ਰਾਂ ਬਹਿ ਚੱਲੇ
ਚਾਰੇ ਕੰਨੀਆਂ ਸਾਡੀਆਂ ਵੇਖ ਖ਼ਾਲੀ
ਅਸੀਂ ਨਾਲ ਤਾਂ ਕੁਝ ਨਹੀਂ ਲੈ ਚਲੇ...

*(ਪਰਦਾ)*